# ਚੱਲ ਜਨਮੇਜੇ ਸੈਰ ਕਰਾਞ



ਜਨਮੇਜਾ ਸਿੰਘ ਜੌਹਲ

# ਚੱਲ ਜਨਮੇਜੇ ਸੈਰ ਕਰਾਅ

(ਆਪਣੇ ਹੀ ਦੇਸ਼ ਵਿਚ ਦੇਖਣਯੋਗ ਥਾਵਾਂ ਦੀ ਸੈਰ)

© ਜਨਮੇਜਾ ਸਿੰਘ ਜੌਹਲ

2920, ਗੁਰਦੇਵ ਨਗਰ
ਲੁਧਿਆਣਾ , ਪੰਜਾਬ, 141001

ਫੋਨ ਭਾਰਤ : - 98159-45018
ਫੋਨ ਅਮਰੀਕਾ : 1-209-589-3367

*Email : JANMEJA@GMAIL.COM*
*WWW.JANMEJAJOHL.COM*

*2015*

ਕੀਮਤ : 30 ਰੁਪਏ

*ASIA VISIONS*

3 ਚੱਲ ਜਨਮੇਜੇ, ਕਸ਼ਮੀਰ ਵਿਖਾਅ
10 2
14 3
18 ਯਾਤਰਾ - ਸੜਕ ਦਾ ਸਿਰਾ
24 ਯਾਤਰਾ - ਮੇਲਾ-ਏ-ਪੁਸ਼ਕਰ
30 ਘਟਨਾਸਾਰ

# ਚੱਲ ਜਨਮੇਜੇ, ਕਸ਼ਮੀਰ ਵਿਖਾਅ

ਕੈਨੇਡਾ ਤੋਂ ਸੁੱਚੇ ਦੀਪਕ ਨਾਲ ਗੱਲਬਾਤ ਚੱਲ ਰਹੀ ਸੀ। ਗੱਲਾਂ ਵਿੱਚ ਪਤਾ ਲੱਗਾ ਕਿ ਉਸਨੇ ਦੁਨੀਆਂ ਤਾਂ ਬਹੁਤ ਸਾਰੀ ਵੇਖ ਲਈ ਹੈ ਪਰ ਕਸ਼ਮੀਰ ਨਹੀਂ ਵੇਖਿਆ। ਮੇਰੇ ਇਹ ਦੱਸਣ ’ਤੇ ਕਿ ਮੈਂ ਤਾਂ 1973 ਤੋਂ ਕਸ਼ਮੀਰ ਜਾਂਦਾ ਹਾਂ ਤੇ ਉਥੇ ਦੀ ਖ਼ੂਬਸੂਰਤੀ ਤੇ ਮੌਸਮ ਦਾ ਦੀਵਾਨਾ ਹਾਂ। ਉਸਦੀ ਉਤਸੁਕਤਾ ਹੋਰ ਵੱਧ ਗਈ। ਪਿਛਲੇ ਮਹੀਨੇ ਫੇਰ ਸੁੱਚੇ ਦਾ ਫੋਨ ਆਇਆ, ‘ਚੱਲ ਜਨਮੇਜਾ ਕਸ਼ਮੀਰ ਵਿਖਾਅ’, ਮੈਂ ਪਿੰਡ ਪਹੁੰਚ ਗਿਆ ਹਾਂ। ਕੁਝ ਦਿਨਾਂ ਦੀ ਰਾਹਤ ਮੰਗ ਕਿ ਮੈਂ ਉਸਨੂੰ ਦੱਸਿਆ ਕਿ ਮੇਰੇ ਨਾਲ ਮੇਰੇ ਦੋਸਤ ਸਰਪੰਚ ਸਾਹਿਬ ਵੀ ਹੋਣਗੇ ਜੋ ਤਰਕਸ਼ੀਲ ਹਨ। ਸੁੱਚਾ ਥੋੜ੍ਹਾ ਜਿਹਾ ‘ਤਰਕਸ਼ੀਲ’ ਸ਼ਬਦ ਤੋਂ ਝੇਂਪਿਆ ਤੇ ਫੇਰ ਉਸਨੇ ਮਿੱਥੀ ਤਰੀਕ ਨੂੰ ‘ਤਿਆਰ ਰਹਾਂਗਾ’ ਆਖ ਦਿੱਤਾ।

ਸ਼ਨੀਵਾਰ ਨੂੰ ਮੈਂ ਸਵੇਰੇ 6 ਵਜੇ ਲੁਧਿਆਣੇ ਦੀ ਸਬਜ਼ੀ ਮੰਡੀ ਪਹੁੰਚ ਗਿਆ। ਉਥੋਂ 60 ਕਿਲੋ ਖਰਬੂਜੇ, 2 ਰੁਪਏ ਕਿਲੋ ਦੇ ਹਿਸਾਬ, 25 ਕਿਲੋ ਤਰਬੂਜ਼ ਵੀ 2 ਰੁਪਏ ਕਿਲੋ ਦੇ ਹਿਸਾਬ, 25 ਕਿਲੋ ਅੰਬ 20 ਰੁਪਏ ਕਿੱਲੋ ਦੇ ਹਿਸਾਬ ਖ੍ਰੀਦ ਲਏ। ਸ਼ਾਮ ਨੂੰ ਇਹਨਾਂ ਵਿੱਚੋਂ 25 ਕਿਲੋ ਖਰਬੂਜ਼ੇ, 15 ਕਿਲੋ ਤਰਬੂਜ ਤੇ 10 ਕਿਲੋ ਅੰਬ ਅਲੱਗ ਕਰ ਲਏ। ਰਾਤ ਨੂੰ ਮੈਂ ਆਪਣੇ ਕੈਮਰੇ ਦੀਆਂ ਬੈਟਰੀਆਂ ਚਾਰਜ ਕਰ ਲੀਆਂ ਤੇ ਚਾਰਜਰ ਵਗੈਰਾ ਵੀ ਬੈਗ ਵਿਚ ਸੁੱਟ ਲਏ। ਫੋਨ ਵੀ ਕਾਇਮ ਕਰ ਲਿਆ।

‘ਸਫਰ ਟਰੈਕਰ’ ਦੇ ਸੈਲ ਵੀ ਚਾਰਜ ਕਰ ਲਏ। ਫੋਨ ਦੇ ਨੈਵੀਗੇਟਰ ਉਤੇ ਸਥਾਨ ਮਿੱਥ ਲਏ, ਗੂਗਲ ਤੋਂ ਰੂਟ ਮੈਪ ਵੀ ਲਾਹ ਕਿ ਪ੍ਰਿੰਟ ਕਰ ਲਿਆ। ਇਸੇ ਤਰ੍ਹਾਂ 6 ਕਮੀਜ਼ਾਂ, ਦੋ ਪੈਂਟਾਂ ਤੇ ਦੋ ਪਗੜ੍ਹੀਆਂ, ਟੋਪੀ, ਪਰਨਾ ਤੇ ਆਮ ਦਵਾਈਆਂ (ਪੇਟ ਖਰਾਬ ਤੋਂ, ਸਿਰ ਦਰਦ, ਡਿਸਪਰਿਨ, ਬੈਂਡੇਜ਼, ਮਾਊਥਵਾਸ਼, ਬੈਟਨੋਵੇਟ ਆਦਿ) ਵੀ ਰੱਖ ਲਈਆਂ। ਕੈਮਰੇ ਦਾ ਮੁੱਖ ਸਟੈਂਡ ਤੇ ‘ਟਾਹਣੀ’ ਸਟੈਂਡ ਵੀ ਲੈ ਲਿਆ। ਇਹੋ ਜਿਹੇ ਟੂਰ ਵਾਸਤੇ ਮੈਂ ਦੋ ਕੈਮਰੇ ਵਰਤਦਾ ਹਾਂ, ਸੋਨੀ ਐਚ ਐਕਸ1 ਜੋ 40 ਗੁਣਾ ਜ਼ੂਮ ਕਰਦਾ ਹੈ ਤੇ 9 ਮੈਗਾ ਪਿਕਸਲ ਦਾ ਹੈ ਤੇ ਸੋਨੀ ਏ–55 ਜੋ ਵੱਡੇ ਫਰੇਮ ਦਾ ਪ੍ਰੋਫੈਸ਼ਨਲ ਕੈਮਰਾ ਹੈ। ਇਹ 16 ਮੈਗਾ ਪਿਕਸਲ ਦਾ ਕੈਮਰਾ ਹੈ ਜਿਸ ਨਾਲ ਅਲੱਗ ਅਲੱਗ ਲੈਨਜ਼ ਲੱਗਦੇ ਹਨ। ਇਹ ਕੈਮਰਾ ਹਾਲੇ ਭਾਰਤ ਸਣੇ ਏਸ਼ੀਆ ਦੀ ਮਾਰਕੀਟ ਵਿਚ ਨਹੀਂ ਆਇਆ ਹੈ। ਇਸਦੇ ਗੁਣ ਅਸੀਮ

ਹਨ। ਇਹ ਤਿੰਨ ਦਿਸ਼ਾਵੀਂ '3 ਡੀ' ਫੋਟੋਆਂ ਖਿੱਚਦਾ ਹੈ ਤੇ ਇਹ 224 ਡਿਗਰੀ ਤੱਕ ਦ੍ਰਿਸ਼ ਕੈਦ ਕਰ ਲੈਂਦਾ ਹੈ। ਇਹ ਕੈਮਰਾ ਵਰਤਣਾ ਥੋੜ੍ਹਾ ਔਖਾ ਹੈ, ਇਸ ਲਈ ਮੈਂ ਜਿਆਦਾਤਰ ਐਚ.ਐਕਸ 1 ਹੀ ਵਰਤਦਾ ਹਾਂ।

ਸਵੇਰੇ 4 ਵਜੇ ਮੈਂ ਸਰਪੰਚ ਦਲਜੀਤ ਸਿੰਘ ਦੇ ਘਰ ਪਹੁੰਚ ਗਿਆ। ਦਲਜੀਤ ਸਿੰਘ, ਪਿੰਡ ਫੁੱਲਾਂਵਾਲ ਦੇ 9–10 ਸਾਲ ਖਾੜਕੂਵਾਦ ਵੇਲੇ ਸਰਪੰਚ ਰਹੇ ਸਨ। ਬੜੇ ਹੀ ਧੜੱਲੇਦਾਰ ਮਨੁੱਖ ਹਨ। ਕਾਲੇ ਦਿਨਾਂ ਵਿਚ ਉਹਨਾਂ ਆਪਣੇ ਪਿੰਡ ਦੇ ਵਿੱਚ ਕੋਈ ਵਾਰਦਾਤ ਨਹੀਂ ਹੋਣ ਦਿੱਤੀ। ਇਸ ਲਈ ਭਾਵੇਂ ਉਨ੍ਹਾਂ ਨੇ ਕਈ ਤਕਲੀਫਾਂ ਝੱਲੀਆਂ, ਖਾੜਕੂਆਂ ਤੇ ਪੁਲੀਸ ਦੋਵਾਂ ਦਾ ਗੁੱਸਾ ਵੀ ਝੱਲਣਾ ਪਿਆ। ਉਹ ਤਰਕ ਦੇ ਹਾਮੀ ਹਨ ਤੇ ਹਰ ਗੱਲ ਬਾ–ਦਲੀਲ ਕਰਦੇ ਹਨ। 8 ਸਾਲ ਦੀ ਉਮਰ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਆ ਰਹੇ ਹਨ। ਉਨ੍ਹਾਂ ਨੂੰ ਤਕਰੀਬਨ ਪੂਰੀ ਬਾਣੀ ਹੀ ਕੰਠ ਹੈ। ਉਹ ਗੁਰਸਿੱਖ ਹਨ ਪਰ ਅੰਨੀ ਸ਼ਰਧਾ ਵਾਲੇ ਨਹੀਂ।

ਇੱਥੇ ਅਸੀਂ ਮੇਰੀ ਗੱਡੀ ਖੜ੍ਹੀ ਕਰ ਦਿੱਤੀ ਤੇ ਉਹਨਾਂ ਦੀ ਨਵੀਂ ਇੰਡੀਕਾ ਕਾਰ ਵਿੱਚ ਸਾਰਾ ਸਮਾਨ ਧਰ ਦਿੱਤਾ। ਛੋਟਾ ਛੋਟਾ ਸਮਾਨ ਹੀ ਐਨਾ ਹੋ ਗਿਆ ਕਿ ਸੁੱਚੇ ਨੂੰ ਬਿਠਾਉਣ ਜੋਗੀ ਹੀ ਜਗ੍ਹਾ ਬਚੀ ਸੀ। ਤਕਰੀਬਨ 4.30 ਵਜੇ ਅਸੀਂ ਘਰੋਂ ਤੁਰ ਪਏ। ਸਾਨੂੰ ਉਮੀਦ ਸੀ ਕਿ ਅਸੀਂ ਜਲੰਧਰ ਦੇ ਲਾਗੇ ਪਿੰਡ ਰਾਏਪੁਰ ਬੱਲਾਂ (ਇਹ ਉਹੋ ਪਿੰਡ ਹੈ ਜਿੱਥੇ ਦੇ ਸੰਤ ਬੱਲਾਂ ਵਾਲਿਆਂ ਦਾ ਯੂਰਪ ਵਿਚ ਕਤਲ ਹੋ ਗਿਆ ਸੀ) ਵਿਖੇ ਘੰਟੇ ਵਿਚ ਪਹੁੰਚ ਜਾਵਾਂਗੇ। ਪਰ ਅੱਜ ਸਵੇਰੇ ਸਵੇਰੇ ਟ੍ਰੈਫਿਕ ਬੇਸ਼ੁਮਾਰ ਸੀ। ਅਸੀਂ 6 ਵਜੇ ਸੁੱਚੇ ਦੇ ਪਿੰਡ ਪਹੁੰਚੇ। ਸੁੱਚਾ ਸਾਡੀ ਉਡੀਕ ਕਰ ਰਿਹਾ ਸੀ। ਉਸਨੇ ਆਂਡੇ ਅਤੇ ਚਾਹ ਬਣਵਾ ਕਿ ਰੱਖੀ ਹੋਈ ਸੀ। ਸੁੱਚਾ ਕਿਉਂਕਿ ਰੋਟੀ ਨਹੀਂ ਖਾਂਦਾ ਇਸ ਲਈ ਉਹ ਇਹੋ ਜਿਹਾ ਕਈ ਕੁੱਝ ਤੇ ਸਲਾਦ ਵਗੈਰਾ ਹੀ ਖਾਂਦਾ ਹੈ। ਸੁੱਚਾ ਕੈਨੇਡਾ ਵੱਸਦਾ ਹੈ ਤੇ ਉੱਥੇ 1972 ਵਿਚ ਗਿਆ ਸੀ। ਕਈ ਸਾਲ ਉਥੇ ਮਜ਼ਦੂਰੀ ਕੀਤੀ ਤੇ ਫੇਰ ਮਜ਼ਦੂਰਾਂ ਦਾ ਲੀਡਰ ਬਣ ਕਿ ਕੁਲ ਵਕਤੀ ਸੇਵਾ ਕੀਤੀ। ਉਹ ਪੰਜਾਬੀ ਕੌਮ ਦੇ ਮੁੱਦੇ 'ਤੇ ਤਿੰਨ ਵਿਸ਼ਵ ਪੰਜਾਬੀ ਕਾਨਫਰੰਸਾਂ ਕਰਵਾ ਚੁੱਕਾ ਹੈ। ਦੋ ਕੈਨੇਡਾ ਵਿਚ ਤੇ ਇੱਕ ਜਲੰਧਰ ਵਿਚ। ਸੁੱਚੇ ਦਾ ਭਾਰ ਬਹੁਤ ਸੀ। ਸ਼ਾਇਦ ਲਗਭਗ ਪੌਣੇ ਦੋ ਕੁਇੰਟਲ। ਉਸਨੇ ਭਾਰ ਘਟਾਉਣ ਦੇ ਕਈ ਉਪਰਾਲੇ ਕੀਤੇ ਪਰ ਸਭ ਵਿਚ ਫੇਲ੍ਹ ਹੋ ਗਿਆ। ਆਖਿਰ ਉਸਨੇ ਮਿੱਠਾ, ਕਣਕ ਦਾ ਆਟਾ ਤੇ ਚਾਵਲ ਖਾਣੇ ਛੱਡ ਦਿੱਤੇ। ਹਰੀਆਂ ਸਬਜ਼ੀਆਂ, ਸਲਾਦ ਤੇ ਪ੍ਰੋਟੀਨ ਹੀ ਖੁਰਾਕ ਵਿਚ ਲਏ। ਸਿਰਫ 8 ਮਹੀਨਿਆਂ ਵਿਚ ਉਸਨੇ 55 ਕਿਲੋ ਭਾਰ ਘਟਾ ਲਿਆ। ਹੁਣ ਉਹ

ਵੇਖਣ ਨੂੰ 'ਸਮਾਰਟ' ਲੱਗ ਰਿਹਾ ਸੀ।

ਅਸੀਂ ਥੋੜ੍ਹਾ ਥੋੜ੍ਹਾ ਖਾਧਾ ਤੇ ਬਾਕੀ ਪੱਲੇ ਬੰਨ੍ਹ ਲਿਆ। ਚਾਹ ਦੀ ਥਰਮੋਸ ਵੀ ਰੱਖ ਲਈ। ਕਰੀਬ ਸੱਤ ਵਜੇ ਸਰਪੰਚ ਸਾਹਿਬ ਨੇ ਕਾਰ ਦੀ ਕਿੱਲੀ ਪਠਾਨਕੋਟ ਵਾਲੀ ਸੜਕ ਵਲ ਨੂੰ ਨੱਪ ਦਿੱਤੀ। ਪਿੰਡੋਂ ਨਿਕਲ ਕਾਰ ਸੜਕ ਨੂੰ ਤੇਜ਼ੀ ਨਾਲ ਪਿੱਛੇ ਛੱਡਣ ਲੱਗੀ। ਸੁੱਚਾ ਮੇਰੇ ਦੱਸੇ ਹੋਏ ਵੇਰਵੇ ਕਰਕੇ 'ਤਰਕਸ਼ੀਲ' ਸਰਪੰਚ ਨਾਲ ਖੁੱਲ ਕਿ ਗੱਲ ਨਹੀਂ ਸੀ ਕਰ ਰਿਹਾ। ਉਸਨੂੰ ਡਰ ਸੀ ਕਿ ਇਹ ਤਰਕਸ਼ੀਲ ਕੁਝ ਹੋਰ



ਕਿਸਮ ਦੇ ਹੁੰਦੇ ਹਨ। ਪਰ ਛੇਤੀ ਹੀ ਸਰਪੰਚ ਦੀਆਂ ਗੱਲਾਂ ਨੇ ਸੁੱਚੇ ਨੂੰ ਅਸਲੀ ਤਰਕ–ਸ਼ੀਲਤਾ ਦੀ ਝਲਕ ਦਿਖਾ ਦਿੱਤੀ। ਹੁਣ ਦੋਵੇਂ ਖੁੱਲ ਕਿ ਸਿਆਸਤ, ਧਰਮ, ਸਮਾਜ ਤੇ ਸਭਿਆਚਾਰ ਦੀਆਂ ਪਰਤਾਂ ਖੋਲ ਰਹੇ ਸਨ। ਦੋਨੇ ਇੱਕ ਦੂਜੇ ਦੇ ਪੂਰਕ ਲੱਗ ਰਹੇ ਸਨ। ਮੈਂ ਕਿਤੇ ਹੀ ਹੁੰਗਾਰਾ ਭਰਦਾ ਜਾਂ ਇਹ ਕਹਿ ਲਵੋ ਕਿ ਦੋਨੋਂ ਮੈਨੂੰ ਬੋਲਣ ਦਾ ਮੌਕਾ ਹੀ ਨਹੀਂ ਦੇਂਦੇ ਸਨ। ਏਸੇ ਲਈ ਮੈਂ ਵਿਚੇ ਵਿਚ ਨੀਂਦ ਦਾ ਨਜ਼ਾਰਾ ਵੀ ਲੈ ਲੈਂਦਾ। ਜਲੰਧਰ ਪਠਾਨਕੋਟ ਦੀ ਸੜਕ ਬਣ ਰਹੀ ਹੈ। ਲੋਕ ਬਿੰਨਾਂ ਖਿਆਲ ਕੀਤਿਆਂ ਹੀ ਗੱਡੀਆਂ ਤੇਜ਼ ਭਜਾਉਂਦੇ ਹਨ। ਸਭ ਤੋਂ ਮਾੜੀ ਘਟਨਾ ਇਕ

ਐਂਬੂਲੈਂਸ ਵੀ ਵੇਖੀ ਜੋ ਤੇਜ਼ ਰਫਤਾਰ ਕਰਕੇ ਸੜਕ ਤੋਂ 12 ਫ਼ੁੱਟ ਨੀਚੇ ਉੱਲਟੀ ਪਈ ਸੀ। ਹੁਣ ਇਹ ਤਾਂ ਪਤਾ ਨਹੀਂ ਕਿ ਕੌਣ ਕੌਣ ਹਸਪਤਾਲ ਪਹੁੰਚਿਆ ਤੇ ਕੌਣ ਕੌਣ ਰੱਬ ਕੋਲ। ਖੈਰ ਅਸੀਂ ਚਲਦੇ ਗਏ। ਇਹ ਸਫਰ ਅਸੀਂ ਗੱਲਾਂ ਗੱਲਾਂ ਵਿਚ ਹੀ ਨਬੇੜ ਲਿਆ। ਪਠਾਨਕੋਟ ਤੋਂ ਬਾਅਦ ਸਾਨੂੰ ਪਤਾ ਲੱਗਾ ਸੀ ਕਿ ਇਕ ਬਾਈਪਾਸ ਊਧਮਪੁਰ ਨੂੰ ਨਵਾਂ ਨਿਕਲਿਆ ਹੈ। ਇਹ ਬਾਈਪਾਸ ਸਾਡੇ ਨਕਸ਼ੇ ਵਿਖਾ ਰਹੇ ਸਨ ਪਰ ਕਿਤੇ ਕੋਈ ਨਿਸ਼ਾਨੀ ਨਹੀਂ ਸੀ। ਉਥੋਂ ਜਦੋਂ ਅਸੀਂ ਲਖਨਪੁਰ ਪਹੁੰਚੇ ਤਾਂ ਸਾਡੇ ਫੋਨ ਵੀ ਸਰਕਾਰੀ ਕਾਨੂੰਨ ਅਨੁਸਾਰ ਬੰਦ ਹੋ ਗਏ। ਜੰਮੂ-ਕਸ਼ਮੀਰ ਵਿਚ ਸਿਰਫ ਬਿੱਲ ਵਾਲੇ ਫੋਨ ਹੀ ਚਲਦੇ ਹਨ। ਪ੍ਰੀਪੇਡ ਫੋਨ ਬੰਦ ਹੋ ਜਾਂਦੇ ਹਨ। ਫੋਨ ਦੇ ਨੇਵੀਗੇਟਰ ਉਤੇ ਕਸ਼ਮੀਰ ਦਾ ਨਕਸ਼ਾ ਵੀ ਨਹੀਂ ਬਣਿਆ ਹੋਇਆ ਸੀ। ਅਸੀਂ ਕਿਸੇ ਨੂੰ ਫੋਨ ਕਰਕੇ ਵੀ ਪੁੱਛ ਨਹੀਂ ਸਕਦੇ ਸਾਂ। ਇੱਕ ਦੋ ਜਣਿਆਂ ਨੂੰ ਅਸੀਂ ਕਾਰ ਰੋਕ ਕਿ ਰਾਹ ਪੁੱਛਿਆ ਪਰ ਉਹ ਵੀ ਅਣਜਾਣ ਨਿਕਲੇ। ਖੈਰ ਅਸੀਂ ਚਲਦੇ ਗਏ। ਥੋੜ੍ਹੀ ਦੂਰ ਤੇ ਕਿਸੇ ਦੱਸਿਆ ਕਿ ਅੱਗੇ ਜੰਮੂ ਬਾਈਪਾਸ ਹੈ। ਅਸੀਂ 12 ਕਿਲੋਮੀਟਰ ਬਾਅਦ ਬਾਈਪਾਸ 'ਤੇ ਪਹੁੰਚੇ। ਨਿਸ਼ਾਨੀ ਇੱਥੇ ਵੀ ਕੋਈ ਨਹੀਂ ਸੀ। ਅਸੀਂ ਪੁੱਛ ਪੁੱਛਾ ਇੱਥੋਂ ਸੱਜੇ ਨੂੰ ਮੁੜ ਗਏ। ਜੰਮੂ ਨੂੰ ਕੱਟਦਾ ਇਹ ਬਾਈਪਾਸ ਸਾਨੂੰ ਨਗਰੋਟੇ ਦੇ ਕੋਲ ਲੈ ਗਿਆ।

ਇੱਥੋਂ ਕਸ਼ਮੀਰ ਦਾ ਅਸਲੀ ਸਫਰ ਸ਼ੁਰੂ ਹੋਇਆ। ਹਾਲੇ ਗਰਮੀ ਤੋਂ ਰਾਹਤ ਨਹੀਂ ਸੀ। ਪਰ ਕਾਰ ਦੇ ਏ ਸੀ ਨੇ ਪਤਾ ਹੀ ਨਹੀਂ ਲੱਗਣ ਦਿੱਤਾ। ਬਜ਼ਾਰੀਕਰਣ ਦੇ ਯੁੱਗ ਨੇ ਕੋਈ ਥਾਂ ਇਹੋ ਜਿਹੀ ਨਹੀਂ ਛੱਡੀ ਸੀ ਜਿੱਥੇ ਦੁਕਾਨ ਨਾ ਖੁੱਲੀ ਹੋਈ ਹੋਵੇ। ਕੁਦਰਤੀ ਨਜ਼ਾਰਿਆਂ ਨੂੰ ਇਹ ਦੁਕਾਨਾਂ ਤੇ ਬਿਜਲੀ ਦੀਆਂ ਤਾਰਾਂ, ਗ੍ਰਹਿਣ ਵਾਂਗ ਲੱਗੀਆਂ ਹੋਈਆਂ ਸਨ। ਸੁੱਚੇ ਤੇ ਸਰਪੰਚ ਦੀ ਸ਼ਬਦੀ ਗੱਡੀ ਕਰਕੇ ਵੀ ਕਈ ਵਾਰੀ ਚੰਗੇ ਚੰਗੇ ਦ੍ਰਿਸ਼ ਦੇਖਣੋ ਰਹਿ ਜਾਂਦੇ। ਪਰ ਮੇਰਾ ਧਿਆਨ ਗੱਲਾਂ ਵੱਲ ਘੱਟ ਤੇ ਦ੍ਰਿਸ਼ਾਂ ਵੱਲ ਵੱਧ ਸੀ। ਨਾਲੇ ਮੈਂ ਹਮੇਸ਼ਾ ਚਾਹ ਪਾਣੀ ਪੀਣ ਲਈ ਕਿਸੇ ਚੰਗੀ ਰਮਣੀਕ ਥਾਂ ਦੀ ਤਲਾਸ਼ ਵਿਚ ਸੀ। ਮੈਨੂੰ ਲੱਗ ਰਿਹਾ ਸੀ ਕਿ ਜੇਕਰ ਥਰਮੋਸ ਵਾਲੀ ਚਾਹ ਸਮੇਂ ਸਿਰ ਨਾ ਪੀਤੀ ਤਾਂ ਕਿਤੇ ਇਹ ਖਰਾਬ ਹੀ ਨਾ ਹੋ ਜਾਵੇ। ਇਸ ਲਈ ਮੈਂ ਜਦੋਂ ਮੌਕਾ ਲੱਗਦਾ ਤਾਂ ਗੱਡੀ ਰੁਕਵਾ ਲੈਂਦਾ ਜਾਂ ਹੌਲੀ ਕਰਵਾ ਲੈਂਦਾ। ਇਸ ਤਰ੍ਹਾਂ ਇਹ ਸਫਰ ਨਿਰੰਤਰ ਚਲਦਾ ਰਿਹਾ। ਸੜਕ ਉੱਤੇ ਟਰੱਕਾਂ ਦੀ ਟਰੈਫਿਕ ਕਾਫੀ ਸੀ। ਕਈ ਵਾਰੀ ਦੋ ਦੋ ਜਾਂ ਤਿੰਨ-ਤਿੰਨ, ਲੰਮੇ ਟਰੱਕ ਅੱਗੜ ਪਿੱਛੜ ਨਾਲ ਲੱਗਦੇ ਚਲਦੇ ਸਨ। ਇਸ ਕਰਕੇ ਇਹਨਾਂ ਤੋਂ ਅੱਗੇ ਨਿਕਲਣਾ ਕਾਫੀ ਮੁਸ਼ਕਿਲ ਹੋ ਜਾਂਦਾ ਸੀ। ਟਰੈਫਿਕ ਨਿਯਮ ਨਾ ਕੋਈ ਸਿਖਾਉਂਦਾ ਹੈ ਤੇ ਨਾ ਹੀ ਕੋਈ ਸਿੱਖਦਾ

ਹੈ। ਰੱਬ ਦੀ ਭਾਰਤ ਵਿਚ ਮੌਜੂਦਗੀ ਦਾ ਇੱਥੋਂ ਹੀ ਪਤਾ ਚਲਦਾ ਹੈ ਕਿ ਕਿਵੇਂ ਉਹ ਇਸ ਦੇਸ਼ ਨੂੰ ਚਲਾ ਰਿਹਾ ਹੈ। ਰਾਹ ਵਿਚ ਇੱਕ ਥਾਂ ਅਸੀਂ ਰੋਟੀ ਖਾਧੀ, ਸੁੱਚੇ ਨੇ ਦਾਲ ਹੀ ਲਈ ਤੇ ਨਾਲ ਸਲਾਦ ਪਰ ਅਸੀਂ ਦੋਵਾਂ ਰੋਟੀ ਤੇ ਹੀ ਟੇਕ ਰੱਖੀ ਕਿਉਂਕਿ ਸਾਡਾ ਸਰੀਰਕ ਭਾਰ ਪਹਿਲੋਂ ਹੀ ਠੀਕ ਹੈ ਇਸ ਲਈ ਅਸੀਂ ਸੁੱਚੇ ਦਾ ਫਾਰਮੂਲਾ ਨਹੀਂ ਸੀ ਅਪਨਾਉਣਾ ਚਾਹੁੰਦੇ।

ਕੁੱਝ ਦਿਨਾਂ ਤੱਕ ਅਮਰਨਾਥ ਦੀ ਯਾਤਰਾ ਸ਼ੁਰੂ ਹੋਣ ਵਾਲੀ ਸੀ, ਇਸ ਲਈ ਟਰੱਕਾਂ ਵਿਚ ਸਪਲਾਈ ਜ਼ੋਰਾਂ ’ਤੇ ਸੀ। ਇਹ ਵੇਖ ਕਿ ਹੈਰਾਨੀ ਹੋ ਰਹੀ ਸੀ ਕਿ ਦਿੱਲੀ ਦੀਆਂ ਟੈਕਸੀਆਂ ਦੀ ਭਰਮਾਰ ਸੀ। ਇਸੇ ਤਰ੍ਹਾਂ ਦੱਖਣੀ ਭਾਰਤ ਦੀਆਂ ਟੂਰਿਸਟ ਬੱਸਾਂ ਵੀ ਲੱਦੀਆਂ ਜਾ ਰਹੀਆਂ ਸਨ। ਊਧਮਪੁਰ ਜਾਕੇ ਅਸੀਂ ਫੇਰ ਬਾਈਪਾਸ ਲੈ ਲਿਆ। ਇਹ ਬੜੇ ਹੀ ਰਮਣੀਕ ਇਲਾਕੇ ਵਿੱਚੋਂ ਲੰਘਦਾ ਹੈ ਪਰ



ਲੰਮਾ ਬਹੁਤ ਹੈ। ਕਈ ਥਾਵਾਂ ਤੋਂ ਇਹ ਬਣ ਹੀ ਰਿਹਾ ਹੈ। ਇਹ ਪਹਾੜੀ ਤੇ ਪੱਥਰਾਂ ਦਾ ਰਲਵਾਂ ਮਿਲਵਾਂ ਜਿਹਾ ਇਲਾਕਾ ਹੈ।ਸੜਕ ਇੱਥੇ ਲਗਭਗ ਖਾਲੀ ਹੀ ਮਿਲੀ। ਅਸੀਂ ਊਧਮਪੁਰ ਤੋਂ ਕਾਫੀ ਅੱਗੇ ਨਿਕਲ ਗਏ। ਸਾਡਾ ਚਾਹ ਪੀਣ ਨੂੰ ਦਿਲ ਕੀਤਾ। ਇਕ ਪੁੱਲ ਦੇ ਕੋਲ ਕੁਝ ਦੁਕਾਨਾਂ ਸਨ। ਇੱਥੇ ਅਸੀਂ ਚਾਹ ਪੀਤੀ। ਇਹ ਕੋਈ ਚੰਗੀ ਚਾਹ ਨਹੀਂ ਸੀ। ਜਦ ਅਸੀਂ ਤੁਰਨ ਲੱਗੇ ਤਾਂ ਪਤਾ ਲੱਗਾ ਕਿ ਇਕ ਟਾਇਰ ਹਵਾ

ਰਹਿਤ ਹੋ ਚੁੱਕਾ ਹੈ। ਗੱਡੀ ਨੂੰ ਹੌਲੀ ਹੌਲੀ ਪਿੱਛੇ ਲੈ ਗਏ। ਕੁਝ ਆਪਣੇ ਔਜ਼ਾਰਾਂ ਨਾਲ ਤੇ ਕੁਝ ਇੱਕ ਦੁਕਾਨਦਾਰ ਦੇ ਔਜ਼ਾਰਾਂ ਨਾਲ ਟਾਇਰ ਬਦਲੀ ਕੀਤਾ। ਇੱਥੇ ਪੈਂਚਰ ਦਾ ਇੰਤਜ਼ਾਮ ਨਹੀਂ ਸੀ। ਇੰਨੀ ਗੱਲ ਦੇ ਦੁਕਾਨਦਾਰ ਨੇ 100 ਰੁਪਏ ਮੰਗ ਲਏ। ਅਸੀਂ ਉਸਨੂੰ ਚੰਗੀ ਫਟਕਾਰ ਪਾਈ ਕਿ ਉਹ ਕਿਉਂ ਕਿਸੇ ਦੀ ਮਜ਼ਬੂਰੀ ਦਾ ਨਜਾਇਜ਼ ਫਾਇਦਾ ਉਠਾ ਰਿਹਾ ਹੈ। ਪਰ ਉਸਨੂੰ 100 ਹੀ ਦੇ ਦਿੱਤਾ। ਜਦ ਤੁਰਨ ਲੱਗੇ ਤਾਂ ਦੁਕਾਨਦਾਰ ਨੇ ਆਪੇ ਹੀ 50 ਰੁਪਏ ਵਾਪਸ ਕਰ ਦਿੱਤੇ। ਉਂਜ ਇਹ ਭਾਰਤ ਕੀ, ਸਾਰੇ ਦੇਸ਼ਾਂ ਵਿਚ 'ਯਾਤਰੀਆਂ' ਨੂੰ ਲੁੱਟਣ ਦੀ ਇੱਛਾ ਰੱਖਦੇ ਹਨ, ਇਹੋ ਜਿਹੇ ਦੁਕਾਨਦਾਰ। ਅਸੀਂ ਚਲਦੇ ਗਏ। ਵਿੱਚ ਵਿੱਚ ਕੁਦਰਤ ਦੇ ਨਜ਼ਾਰੇ ਵੀ ਲਏ। 2 ਥਾਵਾਂ 'ਤੇ ਝਰਨੇ ਵੀ ਆਏ ਪਰ ਇਹ ਬਹੁਤ ਦੂਰੋਂ ਦਿਸਦੇ ਹਨ। ਸੁੱਚਾ ਇਸ ਗੱਲੋਂ ਹੈਰਾਨ ਸੀ ਕਿ ਇੰਨੀਆਂ ਉੱਚੀਆਂ ਪਹਾੜੀਆਂ ਤੇ ਲੋਕ ਕਿਵੇਂ ਰਹਿੰਦੇ ਹਨ। ਪਰ ਦੋਨਾਂ ਦੀ ਆਪਣੀ ਗੱਲਬਾਤ ਵਿਚ ਇਹ ਮੁੱਦਾ ਅਕਸਰ ਗੁਆਚ ਜਾਂਦਾ। ਮੈਂ ਮਹਿਸੂਸ ਕਰ ਰਿਹਾ ਸੀ ਕਿ ਇਹ ਸਾਰੀ ਗੱਲਬਾਤ ਰਿਕਾਰਡ ਹੋਣੀ ਚਾਹੀਦੀ ਹੈ। ਪੰਜਾਬੀ ਕੌਮ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਹੋ ਰਹੀ ਸੀ। ਇਸਦੇ ਕਾਰਨ ਤੇ ਜ਼ੁਮੇਵਾਰ ਲੋਕਾਂ ਦੀ ਸ਼ਨਾਖਤ ਹੋ ਰਹੀ ਸੀ।ਸਮੇਂ ਦੇ ਪ੍ਰਿਪੇਖ ਵਿਚ ਕੌਮ ਦੀਆਂ ਮੁਸ਼ਕਲਾਂ ਦੀ ਜੜ੍ਹ ਲੱਭੀ ਜਾ ਰਹੀ ਸੀ। ਮੇਰੇ ਆਪਣੇ ਵਿਚਾਰਾਂ ਵਿਚ ਸ਼ੁੱਧਤਾ ਆ ਰਹੀ ਸੀ ਜਾਂ ਇਹ ਕਹਿ ਲਵੋ ਕਿ ਮੇਰੀ ਸਪੱਸ਼ਟਤਾ ਵਧ ਰਹੀ ਸੀ। ਰਾਹ ਵਿਚ ਝਨਾਂ ਦਰਿਆ ਆ ਗਿਆ। ਇਹ ਚੌਥਾ ਪੰਜਾਬੀ ਦਰਿਆ ਸੀ। ਸਤਲੁਜ, ਬਿਆਸ, ਅਤੇ ਰਾਵੀ ਅੱਜ ਹੀ ਪਹਿਲੋਂ ਦੇਖ ਕਿ ਪਾਰ ਕਰ ਆਏ ਸੀ। ਮੇਰੇ ਮਨ ਦੀ ਇੱਛਾ ਸੀ ਕਿ ਦਿਨ ਰਹਿੰਦੇ ਸ੍ਰੀਨਗਰ ਪਹੁੰਚ ਹੋ ਜਾਵੇ ਤਾਂ ਜੋ ਉੱਥੇ ਵਗਦੇ ਜਿਹਲਮ ਨੂੰ ਦੇਖ ਕਿ ਇੱਕੋ ਦਿਨ 'ਚ ਪੰਜਾਬ ਦੇ ਪੰਜਾਂ ਪਾਣੀਆਂ ਨੂੰ ਨਮਸਕਾਰ ਕਰ ਸਕਾਂ। ਇੱਕ ਉੱਚੀ ਥਾਂ ਖੜ੍ਹ ਕਿ ਅਸੀਂ ਝਨਾਂ ਨੂੰ ਨਿਹਾਰਿਆ ਤੇ ਪੰਜਾਬੀ ਸਾਹਿਤ ਵਿਚ ਝਨਾਂ ਦੇ ਜ਼ਿਕਰ ਨੂੰ ਸਾਖਸ਼ਾਤ ਕੀਤਾ। ਇੱਥੇ ਸਾਨੂੰ ਲੋਕ ਕਹਾਣੀਆਂ, ਲੋਕ ਸਾਹਿਤ ਨੂੰ ਯਾਦ ਕਰਨ ਦਾ ਮੌਕਾ ਮਿਲਿਆ। ਬਨਹਾਲ ਸੁਰੰਗ ਕੋਲ ਦਿਨ ਰਹਿੰਦੇ ਹੀ ਪਹੁੰਚ ਗਏ। ਇਹ 1962 ਦੇ ਲਗਭਗ ਬਣੀ ਸੀ। ਇਹ 2547 ਮੀਟਰ ਲੰਬੀ ਹੈ। ਇਸ ਵਿਚ ਦੋ ਸੁਰੰਗਾਂ ਹਨ। ਇਕ ਆਉਣ ਲਈ ਤੇ ਇੱਕ ਜਾਣ ਲਈ। ਇਹ ਅੰਦਰੋਂ ਕਾਫੀ ਠੀਕ ਕਰ ਦਿੱਤੀ ਹੈ। ਹਰ 100 ਮੀਟਰ ਬਾਅਦ ਸਫਰ ਦੀ ਨਿਸ਼ਾਨੀ ਆ ਜਾਂਦੀ ਹੈ। ਅੰਦਰ ਇਲੈਕਟਰੋਨਿਕ ਜਾਂ ਡਿਜ਼ਟਲ ਸੁਨੇਹੇ ਵਾਲੇ ਯੰਤਰ ਲੱਗੇ ਹੋਏ ਹਨ। ਇਸਦੇ ਮੁੱਕਣ ਤੇ ਕਸ਼ਮੀਰ ਵਾਦੀ ਸ਼ੁਰੂ ਹੋ ਜਾਂਦੀ ਹੈ। ਦੂਰ ਤੱਕ ਵਾਦੀ ਦਾ ਪੱਧਰਾ ਇਲਾਕਾ ਦਿਸਦਾ ਹੈ। ਜਦੋਂ ਉਤਰਾਈ ਖਤਮ ਹੁੰਦੀ ਹੈ ਤਾਂ ਟੋਲ ਬੈਰੀਅਰ ਆ


ਜਾਂਦਾ ਹੈ। ਇੱਥੇ ਗੱਡੀ ਖੜ੍ਹੀ ਕਰਕੇ ਉੱਤਰ ਕਿ ਜਾਣਾ ਪੈਂਦਾ ਹੈ। ਖਿੜਕੀ ਤੇ ਲੰਮੀ ਲਾਇਨ ਲੱਗਦੀ ਹੈ। 70 ਰੁਪਏ ਦੀ ਪੂਜਾ ਕਰਨੀ ਪੈਂਦੀ ਹੈ। ਯਾਨੀ 70 ਰੁਪਏ ਜੰਮੂ ਦੇ ਤੇ 70 ਰੁਪਏ ਕਸ਼ਮੀਰ ਵਾਦੀ ਦੇ। ਇੱਥੋਂ ਵਾਦੀ ਦਾ ਸਫਰ ਸ਼ੁਰੂ ਹੁੰਦਾ ਹੈ। ਰਾਸਤਾ ਪੰਜਾਬ ਵਾਂਗ ਪੱਧਰਾ ਹੈ।ਸੜਕ ਦੇ ਨਾਲ ਵਿਲੋ ਤੇ ਪਹਾੜੀ ਕਿੱਕਰ ਦੇ ਬੇਸ਼ੁਮਾਰ ਦਰਖਤ ਹਨ। ਇਸ ਇਲਾਕੇ ਵਿਚ ਕ੍ਰਿਕਟ ਦੇ ਬੈਟ ਬਣਦੇ ਹਨ। ਇੱਥੇ ਪਏ ਲੱਖਾਂ ਬੈਟ ਵੇਖ ਕਿ ਲੱਗਦਾ ਹੈ ਸ਼ਾਇਦ ਹਰ ਭਾਰਤੀ ਕ੍ਰਿਕਟ ਹੀ ਖੇਡਣ ਲੱਗ ਪਿਆ ਹੈ। ਖੇਤਾਂ ਵਿਚ ਲੋਕ ਫਸਲ ਦੇ ਨਾੜ ਆਦਿ ਨੂੰ ਪੰਜਾਬ ਵਾਂਗ ਹੀ ਅੱਗ ਲਾਕੇ ਸਾੜ ਰਹੇ ਸਨ।

ਕਸ਼ਮੀਰ ਦੀ ਸੁੰਦਰਤਾ ਨੂੰ ਗੰਧਲਾ ਕਰਨ ਵਿਚ ਮਨੁੱਖੀ ਸੋਚ ਤੇ ਲਾਲਚ ਦਾ ਸੁਮੇਲ ਇੱਥੇ ਵੀ ਦੇਖਣ ਨੂੰ ਮਿਲਿਆ।ਇਸ ਗੱਲ ਨੇ ਸਾਨੂੰ ਝੰਜੋੜ ਕਿ ਰੱਖ ਦਿੱਤਾ ਕਿ ਆਖਰ ਮਨੁੱਖ ਕਿਉਂ ਕੁਦਰਤ ਦਾ ਦੁਸ਼ਮਣ ਬਣਿਆ ਹੋਇਆ ਹੈ। ਸ਼ਾਮ ਪੈਂਦੀ ਜਾ ਰਹੀ ਸੀ। ਅੱਗੇ ਇੱਕ ਚੌਂਕ ’ਚੋਂ ਅਸੀਂ ਠੰਡਾ ਪੀਣ ਲਈ ਲਿਆ ਤੇ ਰਾਹ ਪੁੱਛਿਆ। ਤਕਰੀਬਨ 100 ਕਿਲੋਮੀਟਰ ਬਾਅਦ ਸ੍ਰੀਨਗਰ ਆ ਗਿਆ। ਇੱਥੋਂ ਖੱਬੇ ਪਾਸੇ ਬਾਰਾਮੂਲੇ ਨੂੰ ਰਾਹ ਮੁੜਦਾ ਹੈ। ਨਵਾਂ ਬਾਈਪਾਸ ਬਣਿਆ ਸੀ। ਬਾਈਪਾਸ ਤੇ ਗੱਡੀ ਜਾ ਰਹੀ ਸੀ। ਇਕਦਮ ਬਹੁਤ ਜ਼ੋਰ ਦੀ ਬਰੇਕ ਲਗਾ ਕਿ ਗੱਡੀ ਸੱਜੇ ਪਾਸੇ ਮੋੜੀ। ਇੱਥੇ ਸੜਕ ਇਕ ਦਮ ਬੰਦ ਸੀ ਤੇ ਸੱਜੇ ਨੂੰ ਮੁੜਨ ਲਈ ਕੋਈ ਨਿਸ਼ਾਨੀ ਨਹੀਂ ਸੀ। ਇੱਥੇ ਵੀ ਬਾਕੀ ਦੇਸ਼ ਵਾਂਗ ਯਾਤਰੂਆਂ ਲਈ ਸੜਕਾਂ ਤੇ ਨਿਸ਼ਾਨੀਆਂ ਜਾਂ ਚਿਤਾਵਨੀਆਂ ਦੇਣ ਦੀ ਲੋੜ ਨਹੀਂ ਸਮਝੀ ਜਾਂਦੀ। ਥੋੜਾ ਅੱਗੇ ਜਾਕੇ ਸਾਨੂੰ ਪੰਜਵੇਂ ਦਰਿਆ ਜਿਹਲਮ ਦੇ ਦਰਸ਼ਨ ਹੋਏ। ਪੰਜੇ ਦਰਿਆ ਇੱਕੋ ਦਿਨ ਵੇਖਣ ਦਾ ਸੁਪਨਾ ਪੂਰਾ ਹੋਇਆ। ਪੁੱਛਦੇ ਪੁਛਾਂਦੇ ਆਖਰ ਅਸੀਂ ਕਸ਼ਮੀਰ ਦੇ ਦਿਲ, ਪਿੰਡ ਸਿੰਘਪੁਰਾ ਕਲਾਂ, ਜ਼ਿਲ੍ਹਾ ਬਾਰਾਮੂਲਾ ਦੇ ਖ਼ੂਬਸੂਰਤ ਘਰ ਵਿਚ ਪਹੁੰਚ ਗਏ। ਸੁੱਚੇ ਨੂੰ ਚਾਅ ਚੜ੍ਹਿਆ ਹੋਇਆ ਸੀ ਉਹ ਕਸ਼ਮੀਰ ਵਿਚ ਹੈ। ਉਹ ਮੇਰਾ ਕਈ ਵਾਰ ਧੰਨਵਾਦ ਕਰ ਚੁੱਕਿਆ ਸੀ। ਵੈਸੇ ਅਸੀਂ ਹਾਲੇ ਕਸ਼ਮੀਰ ਪਹੁੰਚੇ ਹੀ ਸੀ, ਕਸ਼ਮੀਰ ਵੇਖਿਆ ਨਹੀਂ ਸੀ।

ਆਉਣ ਵਾਲੇ ਦਿਨਾਂ ਵਿਚ ਕਿਵੇਂ ਮੈਂ ਵਿਖਾਇਆ ਕਸ਼ਮੀਰ ਇਹ ਇੱਕ ਵੱਖਰੀ ਵਾਰਤਾ ਹੈ।

# 2

ਕਿਸੇ ਵੀ ਸਫ਼ਰ ਦਾ ਆਨੰਦ ਤਾਂ ਹੀ ਦੁੱਗਣਾ ਹੁੰਦਾ ਹੈ ਜੇਕਰ ਸਾਥੀ ਆਪਸ ਵਿਚ ਮੂਲ ਸੋਚ ਦੀ ਸਾਂਝ ਰੱਖਦੇ ਹੋਣ ਤੇ ਖਾਣ ਪੀਣ ਦੇ ਸੁਭਾਅ ਵਿਚ ਸਹਿਮਤੀ ਹੋਵੇ। ਸਾਡੇ ਤਿੰਨਾਂ ਦਾ ਸੁਭਾਅ ਤੇ ਆਦਤਾਂ ਇਸ ਮਾਮਲੇ ਵਿਚ ਕਾਫ਼ੀ ਮੇਲ ਖਾਂਦੀਆਂ ਸਨ। ਅਸੀਂ ਰਾਤ ਨੂੰ ਪਿੰਡ ਸਿੰਘਪੁਰਾ ਕਲਾਂ ਵਿਖੇ ਪੁੱਜ ਗਏ। ਇੱਥੇ ਮੇਰਾ ਜਮਾਤੀ ਨਿੰਮੀ ਤੇ ਉਸਦੀ ਪਤਨੀ ਗੁੱਡੀ ਸਾਨੂੰ ਉਡੀਕ ਰਹੇ ਸਨ। ਸਾਨੂੰ 7 ਸਾਲ ਬਾਅਦ ਮਿਲ ਕਿ ਬੜੀ ਖੁਸ਼ੀ ਹੋਈ। ਹਨੇਰਾ ਹੋ ਚੁੱਕਾ ਸੀ। ਉਹਨਾਂ ਨੇ ਸਾਡੀ ਖਾਤਰਦਾਰੀ ਕਰਨ ਦੀ ਠਾਣੀ ਹੋਈ ਸੀ ਪਰ ਅਸੀਂ ਸਿਰਫ਼ ਸਾਦਾ ਖਾਣਾ ਹੀ ਖਾਧਾ ਤੇ ਨਾਲ ਹੀ ਕਹਿ ਦਿੱਤਾ ਕਿ ਅਸੀਂ ਕਿਸੇ ਵੀ ਕਿਸਮ ਦਾ ਖਾਸ ਪਕਵਾਨ ਖਾਂਦੇ ਹੀ ਨਹੀਂ। ਨਿੰਮੀ ਨੇ ਖੇਤੀਬਾੜੀ ਯੂਨੀਵਰਸਿਟੀ ਤੋਂ ਐਗਰੀਕਲਚਰਲ ਇੰਜੀਨੀਅਰਿੰਗ ਮੇਰੇ ਨਾਲ ਕੀਤੀ ਸੀ। ਬਹੁਤ ਹੀ ਮਨਮੋਹਕ ਕਿਸਮ ਦਾ ਸ਼ਖ਼ਸ਼ ਹੈ।(ਨੋਟ : ਨਿੰਮੀ 2013 ਵਿਚ ਗੁਰੂ ਨੂੰ ਪਿਆਰਾ ਹੋ ਗਿਆ ਸੀ) ਝੱਟ ਦੋਸਤੀ ਗੰਢ ਲੈਂਦਾ ਹੈ ਜਾਂ ਇਉਂ ਕਹਿ ਲਵੋ ਕਿ ਅਗਲੇ ਦੇ ਦਿਲ ਵਿਚ ਘਰ ਕਰ ਲੈਂਦਾ ਹੈ। ਜਦਕਿ ਮੇਰੇ ਵਰਗੇ ਨੂੰ ਇਹ ਕੰਮ ਕਰਨ ਵਿਚ ਬਹੁਤ ਸਮਾਂ ਲੱਗਦਾ ਹੈ। ਇਸੇ ਕਰਕੇ ਨਿੰਮੀ ਦੇ ਸਹੁਰੇ ਵੀ ਪਿੰਡ ਵਿਚ ਹੀ ਹਨ। ਹੁਣ ਨਿੰਮੀ ਕਿਸੇ ਮਹਿਕਮੇ ਤੋਂ ਰਿਟਾਇਰ ਹੋ ਚੁੱਕਾ




ਹੈ ਤੇ ਗੁੱਡੀ ਵੀ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਤੋਂ ਰਿਟਾਇਰ ਹੋ ਚੁੱਕੀ ਹੈ। ਉਹਨਾਂ ਦੀ ਧੀ ਵਿਆਹੀ ਜਾ ਚੁੱਕੀ ਹੈ ਤੇ ਬੇਟਾ ਐਮ.ਬੀ.ਏ. ਆਦਿ ਕਰਕੇ ਤਾਜ ਹੋਟਲ ਵਿਚ ਨੌਕਰੀ ਕਰਨ ਜਾ ਰਿਹਾ ਸੀ। ਅਸੀਂ ਪੁਰਾਣੀਆਂ ਯਾਦਾਂ ਦੀਆਂ ਝੜੀਆਂ ਲਗਾ ਦਿੱਤੀਆਂ। ਨਿੰਮੀ ਹੁਰੀਂ ਸੱਤ (7) ਭਰਾ ਸਨ। ਇਹਨਾਂ ਦੇ ਇਸ ਵਿਹੜੇ ਵਿਚ ਰੌਣਕਾਂ ਹੀ ਰੌਣਕਾਂ ਹੁੰਦੀਆਂ ਸਨ। ਘਰ ਵਿਚ ਘੋੜੀਆਂ ਰੱਖੀਆਂ ਸਨ। ਆਟੇ ਦੀ

ਚੱਕੀ ਸੀ। ਕੋਹਲੂ ਸੀ ਤੇ ਝੋਨਾ ਛੱਟਣ ਵਾਲੀ ਮਸ਼ੀਨ ਵੀ। ਉਸਦੇ ਪਿਤਾ ਜੀ ਡਿਪਟੀ ਸੈਕਟਰੀ ਵਰਗੀ ਨੌਕਰੀ ਤੇ ਸਨ। ਇਹ ਪਰਿਵਾਰ 150 ਸਾਲ ਤੋਂ ਇੱਥੇ ਵਸਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤੋਂ ਇਹਨਾਂ ਨੂੰ ਜ਼ਮੀਨਾਂ ਮਿਲੀਆਂ ਹੋਈਆਂ ਸਨ। ਸੱਤਾਂ ਵਿਚੋਂ ਅਜ ਕਲ ਵੱਡਾ ਭਰਾ ਰਿਟਾਇਰ ਹੋਕੇ ਆਪਣੇ ਨਵੇਂ ਘਰ ਵਿਚ ਰਹਿ ਰਿਹਾ ਹੈ। 4 ਭਰਾ ਕੈਨੇਡਾ ਜਾਕੇ ਵਸ ਗਏ ਹਨ। ਇਕ ਭਰਾ ਵਿੱਕੀ ਦੀ ਕਸ਼ਮੀਰ ਅਸੈਂਬਲੀ ਵਿਚ ਚੱਲੇ ਬੰਬ ਦੌਰਾਨ ਮੌਤ ਹੋ ਗਈ ਸੀ। ਉਸਦੀ ਪਤਨੀ ਹੁਣ ਸ੍ਰੀਨਗਰ ਰਹਿੰਦੀ ਹੈ ਤੇ ਨੌਕਰੀ ਕਰਦੀ ਹੈ।

ਸਵੇਰੇ ਉੱਠ ਕਿ ਅਸੀਂ ਖੁਲੇ ਪਾਰਕ ਵਿਚ ਬੈਠੇ। ਮੌਸਮ ਕਮਾਲ ਦਾ ਸੀ। ਚਿੜੀਆਂ ਤੇ ਪੰਛੀ ਚਹਿਕ ਰਹੇ ਸਨ। ਗੁਲਾਬ ਦੇ ਫੁੱਲਾਂ ਨੂੰ ਪੰਜਾਬ ਨਾਲੋਂ ਪੰਜ ਗੁਣਾਂ ਫੁਟਾਰਾ ਸੀ। ਰੰਗ ਗੂੜ੍ਹੇ ਸਨ। ਇਹ ਸਭ ਠੰਡੇ ਮੌਸਮ ਕਰਕੇ ਸੀ। ਸਾਡੇ ਫੋਨ ਤਾਂ ਬੰਦ ਸਨ ਇਸ ਲਈ ਅਸੀਂ ਨਿੰਮੀ ਦੇ ਫੋਨ ਤੋਂ ਹੀ ਸਾਰੇ ਫੋਨ ਕੀਤੇ। ਸਾਨੂੰ ਸ਼੍ਰੋਮਣੀ ਲੇਖਕ ਕੰਵਲ ਕਸ਼ਮੀਰੀ ਹੁਰਾਂ ਦਾ ਫੋਨ ਆਇਆ ਕਿ ਉਹ ਅੱਜ ਪਿੰਡ ਆਉਣਗੇ ਤੇ ਸਾਨੂੰ ਮਿਲ ਕਿ ਲਿਖਾਰੀ ਸਭਾ ਦੀ ਵਿਸ਼ੇਸ਼ ਇਕੱਤਰਤਾ ਕਰਨ ਦਾ ਉਪਰਾਲਾ ਕਰਨਗੇ। ਨਾਸ਼ਤਾ ਕਰਦਿਆਂ ਹੀ ਅਸੀਂ ਅੱਜ ਗੁਲਮਰਗ ਜਾਣ ਦਾ ਪ੍ਰੋਗਰਾਮ ਤਹਿ ਕਰ ਦਿੱਤਾ। ਕਾਰ ਵਿਚ ਅਸੀਂ ਤਿੰਨੋਂ, ਨਿੰਮੀ, ਗੁੱਡੀ ਤੇ ਉਹਨਾਂ ਦੀ ਨਿੱਕੀ ਦੋਹਤੀ ਯਾਨਾ ਫਿੱਟ ਹੋ ਗਏ। ਯਾਨਾ ਪੰਜ ਸਾਲ ਦੀ ਹੈ ਤੇ ਨਾਨਕੇ ਛੁੱਟੀਆਂ ਕੱਟਣ ਆਈ ਹੋਈ ਸੀ। ਉਸਨੂੰ ਸਾਡੇ ਆਉਣ ਦੀ ਜ਼ਿਆਦਾ ਖੁਸ਼ੀ ਸੀ। ਇੰਝ ਲੱਗਦਾ ਸੀ ਕਿ ਉਸਨੂੰ ਤਿੰਨ ਖਿਡੌਣੇ ਲੱਭ ਗਏ ਹੋਣ। ਕਦੇ ਕਵਿਤਾ ਸੁਣਾਉਂਦੀ ਸੀ ਤੇ ਕਦੇ ਡਾਂਸ ਕਰਦੀ ਸੀ ਜਾਂ ਫੇਰ ਕੋਈ ਨਾ ਕੋਈ ਸਵਾਲ ਦਾਗੀ ਜਾਂਦੀ ਸੀ।

ਪਿੰਡ ਭਾਵੇਂ ਪੱਧਰੀ ਥਾਂ ਤੇ ਹੈ ਪਰ ਆਸੇ ਪਾਸੇ ਕਾਫੀ ਨੀਵੀਂ ਘਾਟੀ ਹੈ ਤੇ ਪੱਛਮ ਵੱਲ ਪਹਾੜ ਹੈ। ਨੀਵੀਂ ਥਾਂ ਨੂੰ ਖੁਰਸੀ ਕਹਿੰਦੇ ਹਨ। ਇੱਥੇ ਪਹਿਲੋਂ ਡੰਡੀ ਹੁੰਦੀ ਸੀ। ਹੁਣ ਸੜਕ ਬਣ ਗਈ ਹੈ ਕਿਉਂਕਿ ਇਸ ਸੜਕ ਦੀ ਮੁਰੰਮਤ ਹੋ ਰਹੀ ਸੀ ਇਸ ਲਈ ਅਸੀਂ ਵਲੇਵਾਂ ਪਾਕੇ ਪੂਰਬ ਵਾਲੇ ਪਾਸਿਉਂ ਖੁਰਸੀ ਦੀ ਲਿੰਕ ਸੜਕ ਤੇ ਉੱਤਰੇ। ਸਾਡਾ ਫੈਸਲਾ ਸੀ ਕਿ ਗੁਲਮਰਗ ਨੂੰ ਸਥਾਨਕ ਪਿੰਡਾਂ ਦੇ ਰੂਟ ਰਾਹੀਂ ਜਾਇਆ ਜਾਵੇ ਤੇ ਖੂਬਸੂਰਤੀ ਦਾ ਆਨੰਦ ਮਾਣਿਆ ਜਾਵੇ।ਇਹ ਬੇਹੱਦ ਸੋਹਣਾ ਇਲਾਕਾ ਹੈ। ਸੜਕ ਵਲ ਖਾਂਦੀ ਜਾਂਦੀ ਹੈ। ਹਰ 3–5 ਕਿਲੋਮੀਟਰ ਬਾਅਦ ਪਿੰਡ ਆ ਜਾਂਦਾ ਹੈ। ਰਾਹ ਵਿਚ ਅਖਰੋਟਾਂ ਦੇ ਵੱਡੇ ਵੱਡੇ ਦਰਖਤ, ਸੇਬਾਂ ਦੇ ਬਾਗ, ਚੈਰੀ ਦੇ ਬਾਗ, ਖੁਰਮਾਨੀਆਂ ਦੇ ਬਾਗ ਤੋਂ ਇਲਾਵਾ ਝੋਨੇ ਦੀ ਖੇਤੀ ਹੋ ਰਹੀ ਸੀ। ਭੇਡਾਂ ਦੇ ਆਜੜੀ ਵੀ ਕਾਫੀ ਮਿਲੇ। ਛੋਟੇ ਛੋਟੇ ਝਰਨੇ ਤੇ ਦਰਿਆ ਵੀ ਕਾਫੀ



ਸਨ। ਇਹ ਪੱਕੀਆਂ ਸੜਕਾਂ ਮੇਰੇ ਲਈ ਅਜੀਬ ਸਨ ਕਿਉਂਕਿ ਅੱਜ ਤੋਂ 35 ਸਾਲ ਪਹਿਲੋਂ ਇਹ 50 ਕਿਲੋਮੀਟਰ ਦਾ ਰਸਤਾ ਅਸੀਂ ਪੈਦਲ ਸਰ ਕੀਤਾ ਸੀ। ਉਸ ਵਕਤ ਇੱਥੇ ਡੰਡੀ ਵੀ ਨਹੀਂ ਸੀ ਹੁੰਦੀ। ਪਿੰਡ ਕੱਚੇ ਤੇ ਪੁਰਾਤਨ ਸਨ। ਕਿਤੇ ਹੀ ਕੋਈ ਸਕੂਲ ਸੀ। ਅਸੀਂ ਰਾਹ ਵਿਚ ਆਪ ਹੀ ਰੋਟੀ ਪਕਾਉਂਦੇ ਤੇ ਖਾਂਦੇ ਸੀ। ਹੁਣ ਅਧੁਨਿਕਤਾ ਦਾ ਦੌਰ ਆ ਚੁੱਕਾ ਸੀ। ਲਗਭਗ ਹਰ ਪਿੰਡ ਸਕੂਲ ਹੈ। ਦੁਕਾਨਾਂ ਦਾ ਬਾਜ਼ਾਰ ਹੈ। ਪਰ ਇਹਨਾਂ ਲੋਕਾਂ ਨੇ ਹਾਲੇ ਦਹਾਕਿਆਂ ਪੁਰਾਣਾ ਸਲੀਕਾ ਨਹੀਂ ਭੁਲਿਆ। ਜੋ ਵੀ ਸੜਕ ਤੇ ਮਿਲਦਾ ਦੁਆ ਸਲਾਮ ਜ਼ਰੂਰ ਕਰਦਾ। ਇਸ ਇਲਾਕੇ ਵਿਚ ਵੀ ਕਾਫ਼ੀ ਸਿੱਖ ਆਬਾਦੀ ਹੈ। ਨਿੰਮੀ ਨੇ ਸਾਨੂੰ ਕਈ ਪਿੰਡਾਂ ਬਾਰੇ ਦੱਸਿਆ ਜਿਹਨਾਂ ਨੂੰ ਸਿੱਖਾਂ ਦੇ ਪਿੰਡ ਵਜੋਂ ਜਾਣਿਆ ਜਾਂਦਾ ਹੈ। ਸਭ ਤੋਂ ਵੱਡੀ ਗੱਲ ਕਿ ਇੱਥੇ ਜੋ ਵੀ ਸਿੱਖ ਮਿਲੇ, ਵੱਡੇ ਜਾਂ ਛੋਟੇ ਸਭ ਪੂਰਨ ਗੁਰਸਿੱਖ ਹੀ ਮਿਲੇ। ਕਿਸੇ ਦੀ ਦਾੜ੍ਹੀ ਕੱਟੀ ਹੋਈ ਨਹੀਂ ਮਿਲੀ। ਪੰਜਾਬ ਵਿਚ ਚਲਦੀ ਹਵਾ ਦਾ ਇੱਥੇ ਕੋਈ ਅਸਰ ਨਹੀਂ ਸੀ। ਇਹਨਾਂ ਖ਼ੂਬਸੂਰਤ ਨਜ਼ਾਰਿਆਂ ਦਾ ਆਨੰਦ ਮਾਣਦੇ ਅਸੀਂ ਹਜ਼ਰਤ ਬਲੀ ਪਹੁੰਚ ਗਏ। ਇਹ ਗੁਲਮਰਗ ਦੇ ਨੇੜੇ ਇੱਕ ਧਾਰਮਿਕ ਸਥਾਨ ਹੈ ਜਿੱਥੇ ਭਾਰੀ ਮੇਲੇ ਲੱਗਦੇ ਹਨ। ਸਾਡੀ ਪਿਛਲੀ ਪੈਦਲ ਯਾਤਰਾ ਦੌਰਾਨ ਅਸੀਂ ਇੱਥੇ ਵੀ ਟੈਂਟ ਵਿਚ ਇਕ ਰਾਤ ਕੱਟੀ ਸੀ। ਹਾਂ ਇਹ ਤਾਂ ਦੱਸਣਾ ਭੁੱਲ ਗਿਆ ਕਿ ਕੈਮਰਾ ਆਪਣਾ ਸਮਾਂ ਝੱਟ ਮੰਗ ਲੈਂਦਾ ਸੀ ਤੇ ਕਾਰ ਥਾਂ ਥਾਂ ਤੇ ਰੁਕਵਾ ਲੈਂਦਾ ਸੀ। ਸਰਪੰਚ ਸਾਹਿਬ ਬੜੇ ਠਰਮੇ ਨਾਲ ਗੱਡੀ ਚਲਾਉਂਦੇ ਸਨ ਤੇ ਜਦੋਂ ਰੁਕਣ ਲਈ



ਕਹਿੰਦੇ ਤਾਂ ਉਹ ਉਤਸ਼ਾਹਿਤ ਹੋਕੇ ਉਸ ਨਜਾਰੇ ਦਾ ਆਨੰਦ ਮਾਣਦੇ ਤੇ ਗੁਰਬਾਣੀ ਦੀ ਕੋਈ ਨਾ ਕੋਈ ਤੁੱਕ ਉਚਾਰਣ ਕਰ ਦੇਂਦੇ। ਸੁੱਚਾ ਇਸ ਗੱਲੋਂ ਹੈਰਾਨ ਸੀ ਕਿ ਏਨੇ ਉੱਚੇ ਤੇ ਸੁੰਦਰ ਪਹਾੜ ਹਨ ਤੇ ਵਿਚ ਲੋਕ ਰਹਿ ਰਹੇ ਹਨ। ਉਸ ਅਨੁਸਾਰ ਕੈਨੇਡਾ ਵਿਚ ਵੀ ਉੱਚੇ ਪਹਾੜ ਹਨ ਪਰ ਸਭ ਵਸੋਂ ਤੋਂ ਰਹਿਤ। ਉਸਨੂੰ ਇਹ ਅਚੰਭਾ ਲੱਗਦਾ ਸੀ। 'ਯਾਰ ਇਹ ਇੱਥੇ ਪਹੁੰਚਦੇ ਕਿਵੇਂ?' ਇਹ ਸੁਆਲ ਉਸਦੇ ਅੰਦਰੋਂ ਵਾਰ ਵਾਰ ਉੱਠਦਾ ਤੇ ਉਸਨੂੰ ਲੋਕਾਂ ਨਾਲ ਵਸਦੇ ਪਹਾੜਾਂ ਨਾਲ ਮੋਹ ਵਿਚ ਡੁਬੋਈ ਜਾਂਦਾ। ਹਰਿਆਵਲ ਦਾ ਇਹ ਗੁਲਦਸਤਾ, ਕੁਦਰਤ ਦੀ ਅਸੀਮਤਾ ਦਾ ਅਹਿਸਾਸ ਕਰਵਾ ਰਿਹਾ ਸੀ।

ਘੁੰਮਣ ਘੇਰੀਆਂ ਖਾਂਦੀ ਸੜਕ ਗੁਲਮਰਗ ਦੀ ਮੁੱਖ ਸੜਕ ਨਾਲ ਆ ਰਲੀ। ਇੱਥੇ ਫੇਰ ਨਾਕਾ ਲੱਗਿਆ ਹੋਇਆ ਸੀ। 25–50 ਰੁਪਏ ਦਾ ਜੁਰਮਾਨਾ ਭਰ ਕਿ ਅਸੀਂ ਗੁਲਮਰਗ ਦੀ ਚੜ੍ਹਾਈ ਚੜ੍ਹਨ ਲੱਗ ਪਏ। ਇੱਥੇ ਦਿਉਦਾਰ ਦੇ ਦਰਖਤ ਬਹੁਤ ਹਨ। ਸੜਕ ਤੇ ਟਰੈਫਿਕ ਵੱਧ ਗਈ ਸੀ। ਇਕ ਮੋੜ ਉੱਤੇ ਭੂਦ੍ਰਿਸ਼ ਵੇਖਣ ਲਈ ਥਾਂ ਬਣੀ ਹੋਈ ਸੀ। ਅਸੀਂ ਵੀ ਕੁਝ ਸਮਾਂ ਰੁਕੇ ਪਰ ਇਹ ਦ੍ਰਿਸ਼ ਪਹਿਲੋਂ ਵੇਖੇ ਦ੍ਰਿਸ਼ਾਂ ਨਾਲੋਂ ਸੋਹਣਾ ਨਹੀਂ ਸੀ। ਕੁਝ ਸਮੇਂ ਬਾਅਦ ਅਸੀਂ ਉਸ ਮੋੜ 'ਤੇ ਪਹੁੰਚ ਗਏ ਜਿੱਥੇ ਗੁਲਮਰਗ ਦਾ ਪਾਰਕ ਸ਼ੁਰੂ ਹੁੰਦਾ ਹੈ। ਇੱਥੇ ਸਾਨੂੰ ਪਾਰਕਿੰਗ ਦੀ ਪਰਚੀ ਵਾਲੇ ਮਿਲੇ। ਪਰਚੀ ਦਾ ਕੀ ਬਣਿਆ, ਇਹ ਗੱਲ ਕਦੇ ਆਪਾਂ ਆਉਣ ਵਾਲੇ ਸਮੇਂ ਵਿਚ ਸਾਂਝੀ ਕਰਾਂਗੇ।

# 3

ਗੁਲਮਰਗ ਵਿਚ ਦਾਖਲਾ ਵੀ ਭਾਰਤ ਦੇ ਹੋਰਨਾਂ ਯਾਤਰੂ ਸਥਾਨਾਂ ਤੋਂ ਵੱਖਰਾ ਨਹੀਂ। ਇੱਥੋ ਵੀ ਯਾਤਰੂਆਂ ਨੂੰ ਲੁੱਟਣ ਦੀ ਬਿਰਤੀ, ਬਾਕੀ ਸਥਾਨਾਂ ਵਾਂਗ ਹੀ ਹੈ। ਪਹਿਲੋਂ ਠੱਗ ਪਾਰਕਿੰਗ ਦੀ ਪਰਚੀ ਕੱਟਣ ਲਈ ਕਹਿੰਦੇ ਹਨ, ਜਿਸਦੀ ਅਸਲੋਂ ਲੋੜ ਹੀ ਨਹੀਂ। ਅੰਦਰ ਕੋਈ ਗੱਡੀ ਪਾਰਕ ਨਹੀਂ ਕਰਵਾਉਂਦਾ, ਆਪੇ ਜਿੱਥੇ ਮਰਜੀ ਕਰ ਲਵੋ। ਵਾਪਸ ਜਾਣ ਲੱਗੇ ਕੋਈ ਪਰਚੀ ਚੈਕ ਨਹੀਂ ਕਰਦਾ, ਇਸਦਾ ਮਤਲਬ ਗੱਡੀ ਦੀ ਕੋਈ ਸੁਰੱਖਿਆ ਨਹੀਂ। ਅਸੀਂ ਜਾਣੂ ਹੋਣ ਕਰਕੇ ਹਰ ਪਰਚੀ ਵਾਲੇ ਨੂੰ ਜਵਾਬ ਦੇ ਦਿੱਤਾ ਤੇ ਗੁਲਮਰਗ ਦੇ ਵਿਸ਼ਾਲ ਮੈਦਾਨ ਵਿਚ ਦਾਖਲ ਹੋ ਗਏ। ਅੰਦਰ ਵੜ ਕਿ ਸੜਕ ਦੋਨੋਂ ਪਾਸੇ ਜਾਂਦੀ ਹੈ। ਅਸੀਂ ਇੱਥੋਂ ਸੱਜੇ ਪਾਸੇ ਮੁੜ ਗਏ। ਖੱਬੇ ਪਾਸੇ ਬਰਫ ਢੱਕਿਆ ਵਿਸ਼ਾਲ ਪਹਾੜ ਦਿਖਦਾ ਹੈ। ਸੱਜੇ ਪਾਸੇ ਬਜ਼ਾਰ ਹੈ। ਇੱਥੇ ਇੱਕ ਗੁਰਦੁਆਰਾ ਵੀ ਹੈ ਜਿੱਥੇ ਅਸੀਂ 30/35 ਸਾਲ ਪਹਿਲੋਂ ਰਾਤ ਵੀ ਕੱਟੀ ਸੀ। ਹੁਣ ਇਹ ਦੁਕਾਨਾਂ ਦੀ ਭੀੜ ਵਿੱਚੋਂ ਲੱਭਣਾ ਔਖਾ ਹੋ ਗਿਆ ਹੈ। ਇਹ ਵਿਸ਼ਾਲ ਮੈਦਾਨ ਸੁੱਕੇ ਛੱਪੜ ਦੇ ਥੱਲੇ ਵਾਂਗ ਉੱਚਾ ਨੀਵਾਂ ਹੈ। ਇੱਥੇ ਇਕ ਹੋਰ ਠੱਗੀ ਲੱਗਦੀ ਹੈ। ਦੂਰੋਂ ਆਏ ਸੈਲਾਨੀ ਨੂੰ ਦੁਕਾਨਦਾਰ ਦੱਸਦੇ ਹਨ ਕਿ ਅੱਗੇ ਠੰਡ ਬਹੁਤ ਹੈ। ਸੈਲਾਨੀ ਡਰ ਜਾਂਦੇ ਹਨ ਤੇ ਦੁਕਾਨਦਾਰ ਉਸਨੂੰ ਫਰ ਵਾਲਾ ਕੋਟ, ਗਰਮ ਜੁਰਾਬਾਂ, ਗਰਮ ਬੂਟ ਤੇ ਗਰਮ ਟੋਪੀ ਪੈਸੇ ਲੈ ਪਹਿਨਾ ਦੇਂਦੇ ਹਨ। ਫੇਰ ਉਸਨੂੰ ਖੱਚਰ ਉੱਤੇ ਸਵਾਰ ਕਰ ਦੇਂਦੇ ਹਨ। ਠੰਡ ਤੋਂ ਡਰਦਾ ਸੈਲਾਨੀ, ਠੰਡ ਦੀ ਆਸ ਵਿਚ ਪੈਸੇ ਖਰਚ ਕਿ ਖੱਚਰ ਤੇ ਬੈਠਾ ਮੁੱੜਕੋ ਮੁੱੜਕੀ ਹੋਈ ਜਾਂਦਾ ਹੈ। ਘੰਟੇ ਕੁ ਬਾਅਦ ਇਹ ਸੈਲਾਨੀ ਕੱਪੜੇ ਹੱਥ ਵਿਚ ਫੜੀ ਵੇਖੇ ਜਾ ਸਕਦੇ ਹਨ। ਬੱਚੇ ਤਾਂ ਔਖੇ ਹੋ ਜਾਂਦੇ ਹਨ। ਉਹਨਾਂ ਦੇ ਕੋਟ ਵੀ ਮਾਪਿਆਂ ਨੂੰ ਚੁੱਕਣੇ ਪੈਂਦੇ ਹਨ।

ਅਸੀਂ ਇਹ ਨਜ਼ਾਰਾ ਦੇਖਦੇ ਸੱਜੇ ਪਾਸੇ ਥੋੜੀ ਹੀ ਦੂਰ ਗਏ ਸੀ ਕਿ ਇਕ ਹੋਟਲ ਵਾਲਿਆਂ ਦਾ ਨਾਕਾ ਆ ਗਿਆ। ਅਖੇ ਅਗੇ ਪ੍ਰਾਈਵੇਟ ਰੋਡ ਹੈ। ਇੱਥੇ 50 ਰੁਪਏ ਟੈਕਸ ਹੈ। ਇੱਥੇ ਪਰਚੀ ਕਟਾਉਣੀ ਹੀ ਪਈ। ਇਹ ਅਖੌਤੀ ਪ੍ਰਾਈਵੇਟ ਸੜਕ ਘੁੰਮ ਕਿ ਵਾਪਸ ਆ ਜਾਂਦੀ ਹੈ ਸ਼ੁਰੂ ਵਾਲੀ ਥਾਂ ਦੇ। ਇਹ ਟੈਕਸ ਵੀ ਨਿਰਾ ਧੱਕਾ ਹੈ। ਇੱਥੋਂ ਖੱਬੇ ਪਾਸੇ ਗੁਲਮਰਗ ਦੇ ਪਹਾੜ ਦਿਖਦੇ ਹਨ। ਸੁੰਦਰਤਾ ਕਮਾਲ ਦੀ ਹੈ। ਮੌਸਮ ਮਿੱਠਾ ਸੀ। ਸੱਜੇ ਪਾਸੇ ਜੰਗਲ ਹੈ ਤੇ ਇੱਥੇ ਹੀ ਖੇਤੀਬਾੜੀ ਮਹਿਕਮੇ ਦਾ ਰਿਸਰਚ ਸਥਾਨ ਵੀ ਹੈ। ਜੋ ਸੈਲਾਨੀ ਖੱਚਰਾਂ ਉਤੇ ਸਨ ਉਹ ਮੈਦਾਨ ਦੇ ਵਿਚ ਦੀ ਹੋਕੇ ਦੂਜੇ ਪਾਸੇ ਆ ਰਹੇ ਹਨ। ਰਾਹ ਵਿਚ ਫੋਟੋਬਾਜ਼ੀ ਵੀ ਕਰ ਰਹੇ ਸਨ। ਇੱਥੋਂ

ਅਸੀਂ ਪਾਰਕ ਦੇ ਅੰਦਰ ਪੁਰਾਣਾ ਗੋਲਫ ਕਲੱਬ ਦੇਖਣ ਆ ਗਏ। ਇੱਥੇ ਪ੍ਰਤੀ ਵਿਅਕਤੀ 5 ਰੁਪਏ ਦੇਖਣ ਦੀ ਫੀਸ ਹੈ। ਇਸਦੇ ਅੰਦਰ ਇੱਕ ਮੀਟਿੰਗ ਹਾਲ ਤੇ ਪੁਰਾਣੇ ਅਹੁਦੇਦਾਰਾਂ ਦੀਆਂ ਫੋਟੋਆਂ ਲੱਗੀਆਂ ਹੋਈਆ ਹਨ। ਅੰਦਰ ਇੱਕ ਰੈਸਟੋਰੈਂਟ ਹੈ ਜੋ ਬੇਹੱਦ ਮਹਿੰਗਾ ਹੈ। ਬਸ ਇਹੋ ਸਮਝੋ ਕਿ 5 ਰੁਪਏ ਵਿਚ ਇਹਨਾਂ ਦਾ ਬਾਥਰੂਮ ਹੀ ਵਰਤਿਆ ਜਾ ਸਕਦਾ ਹੈ, ਜੋ ਅਸੀਂ ਬਾਖੂਬੀ ਵਰਤਿਆ। ਇੱਥੋਂ ਨਿਕਲ ਅਸੀਂ ਇੱਕ ਉੱਚੀ ਟਿੱਬੀ ਚੜ੍ਹ ਕਿ ਬਹੁਤ ਰਮਣੀਕ ਥਾਂ ਤੇ ਆ ਗਏ। ਇੱਥੋਂ ਚਾਰੇ ਪਾਸੇ ਦਾ ਨਜ਼ਾਰਾ ਦਿਖਦਾ ਹੈ। ਇੱਥੇ ਇੱਕ ਦੁਕਾਨ ਹੈ। ਇਹ ਲਗਭਗ ਖਾਲੀ ਪਈ ਸੀ। ਗਾਹਕ ਨਾ ਹੋਣ ਦੀ ਵਜ੍ਹਾ, ਇਸਦਾ ਮੁੱਖ ਮਾਰਗ ਤੇ ਨਾ ਹੋਣਾ ਸੀ। ਸੁਆਦੀ ਚਾਹ ਤੇ ਵਧੀਆ ਮੌਸਮ ਦਾ ਸੁਮੇਲ ਚੰਗਾ ਰਿਹਾ। ਸਾਡਾ ਵਿਚਾਰ ਬਣਿਆ ਕਿ ਤਾਰ ਵਾਲਾ ਝੂਲਾ ਲੈਕੇ ਪਹਾੜ, ਦੇ ਉੱਤੇ ਜਾਇਆ ਜਾਵੇ। ਜਦੋਂ ਅਸੀਂ ਟਿੱਕਟਾਂ ਵਾਲੀ ਥਾਂ 'ਤੇ ਆਏ ਤਾਂ ਪਤਾ ਲੱਗਾ ਕਿ ਢਾਈ ਘੰਟੇ ਇੰਤਜ਼ਾਰ ਕਰਨਾ ਪਵੇਗਾ। ਇੰਨਾਂ ਸਮਾਂ ਇੰਤਜ਼ਾਰ ਕਰਨਾ ਮੁਸ਼ਕਲ ਸੀ। ਇਸ ਲਈ ਅਸੀਂ ਵਾਪਸ ਚਾਲੇ ਪਾ ਦਿੱਤੇ। ਇੱਥੋਂ ਅਸੀਂ ਘੁੰਮ ਕਿ ਪਰਚੀ ਵਾਲੀ ਥਾਂ ਤੇ ਆ ਗਏ। ਕਿਸੇ ਨੇ ਵੀ ਸਾਨੂੰ ਨਾ ਰੋਕਿਆ, ਨਾ ਪਰਚੀ ਹੀ ਪੁੱਛੀ, ਅਸੀਂ ਥੋੜ੍ਹੀ ਖੁਸ਼ੀ ਤੇ ਥੋੜ੍ਹੀ ਨਿਰਾਸ਼ਾ ਨਾਲ ਗੁਲਮਰਗ ਤੋਂ ਬਾਹਰ ਨਿਕਲ ਆਏ। ਸੜ੍ਹਕ ਦੀ ਉਤਰਾਈ ਕਾਫੀ ਸੀ। ਪਹਾੜੀ ਕਿੱਕਰਾਂ ਨੂੰ ਫੁੱਲ ਖਿੜ੍ਹੇ ਹੋਏ ਸਨ। ਗੱਲਾਂ ਕਰਦੇ ਕਰਦੇ ਅਸੀਂ ਟੰਗ ਮਰਗ ਪਹੁੰਚ ਗਏ। ਸਾਡੀ ਗੱਡੀ ਦਾ ਟਾਇਰ ਘੱਟ ਹਵਾ ਦੱਸ ਰਿਹਾ ਸੀ। ਟਾਇਰਾਂ ਦੀ ਦੁਕਾਨ ਲੱਭਦੇ ਲੱਭਦੇ ਅਸੀਂ ਕਾਫੀ ਦੂਰ ਆ ਗਏ। ਇੱਥੇ ਇਕ ਦੁਕਾਨ ਮਿਲੀ। ਇਹ ਦੁਕਾਨ ਇੱਕ ਬਿਹਾਰੀ ਦੀ ਸੀ ਜੋ ਪਿਛਲੇ ਦੋ ਦਹਾਕੇ ਤੋਂ ਇੱਥੇ ਸੀ। ਉਹ ਪੈਂਚਰ ਨਹੀਂ ਸੀ ਲਾਉਂਦਾ, ਬਸ ਟਾਇਰਾਂ ਵਿਚ ਹਵਾ ਹੀ ਭਰਦਾ ਸੀ। ਇੱਥੇ ਸਾਨੂੰ ਪਹਿਲੀ ਵਾਰ ਫੌਜੀ ਗਸ਼ਤ ਕਰਦੇ ਮਿਲੇ। ਇਹਨਾਂ ਵਿਚ ਕਾਫੀ ਸਿੱਖ ਸਨ। ਇਹ ਹੌਲੀ ਹੌਲੀ ਪੈਦਲ ਹੀ ਚਲ ਰਹੇ ਸਨ। ਇੱਥੋਂ ਅਸੀਂ ਮੁੱਖ ਸੜ੍ਹਕ ਛੱਡ ਦਿੱਤੀ ਤੇ ਪਿੰਡਾਂ ਵਿਚ ਦੀ ਹੁੰਦੇ ਹੋਏ ਬਾਰਮੂਲਾ ਸੜ੍ਹਕ ਦੀ ਤਲਾਸ਼ ਕਰਨ ਲੱਗ ਪਏ।ਕਈ ਪਿੰਡਾਂ ਬਾਰੇ ਨਿੰਮੀ ਨੇ ਦੱਸਿਆ ਕਿ ਇਹ ਪੰਡਤਾਂ ਦੇ ਪਿੰਡ ਹਨ। ਇਹ ਪਹਿਲੋਂ ਇੱਥੇ ਚਲੇ ਗਏ ਸਨ। ਸਰਕਾਰ ਨੇ ਇਹਨਾਂ ਨੂੰ ਜੰਮੂ ਵਸਾ ਦਿੱਤਾ ਸੀ ਪਰ ਹੁਣ ਇਹ ਵੱਡੀ ਗਿਣਤੀ ਵਿਚ ਵਾਪਸ ਆ ਚੁੱਕੇ ਹਨ। ਇਹਨਾਂ ਦਾ ਨੁਕਸਾਨ ਜਰੂਰ ਹੋਇਆ ਪਰ ਹੁਣ ਹਰੇਕ ਕੋਲ ਵਾਧੂ ਜਾਇਦਾਦ ਬਣ ਗਈ ਹੈ। ਇਹ ਵਾਦੀ ਵਿਚ ਪਰਤੀ ਸ਼ਾਂਤੀ ਦੀ ਗੱਲ ਸੁਣ ਕਿ ਸਾਨੂੰ ਤਿੰਨਾਂ ਨੂੰ ਬਹੁਤ ਖੁਸ਼ੀ ਮਿਲੀ। ਇੱਥੇ ਜੀਵਨ ਆਪਣੀ ਚਾਲੇ ਪੈ ਚੁੱਕਾ ਸੀ। ਖੇਤਾਂ ਤੇ ਜੰਗਲਾਂ ਦੀ ਹਰਿਆਲੀ, ਮਨਾਂ ਵਿੱਚ ਉਤਰ ਗਈ

ਲਗ ਰਹੀ ਸੀ। ਇੱਕ ਪੱਕੀ ਨਹਿਰ ਦੇ ਕੰਢੇ ਚਲਦੇ ਅਸੀਂ ਸ੍ਰੀਨਗਰ, ਬਾਰਾਮੂਲਾ ਸੜਕ ਤੇ ਪਹੁੰਚ ਗਏ। ਇੱਥੇ ਟਰੈਫਿਕ ਬਹੁਤ ਸੀ। ਥੋੜ੍ਹੀ ਦੂਰ ਜਾਕੇ ਪਟਨ ਕਸਬਾ ਆ ਗਿਆ, ਅਸੀਂ ਸੱਜੇ ਪਾਸੇ ਇੱਕ ਵੱਡੇ ਚਿਨਾਰ ਹੇਠਾਂ ਗੱਡੀ ਖੜ੍ਹੀ ਕਰ ਦਿੱਤੀ। ਇੱਥੇ ਹਾਲੇ ਵੀ ਘੋੜੇ ਵਾਲੇ ਟਾਂਗੇ ਚਲਦੇ ਹਨ। ਟਾਂਗੇ ਵਾਲਿਆਂ ਦੀਆਂ ਸੁਆਰੀਆਂ ਨੂੰ ਪੈਂਦੀਆਂ ਅਵਾਜ਼ਾਂ ਨੇ ਪੁਰਾਣਾਂ ਪਿੰਡਾ ਦੇ ਅੱਡਿਆਂ ਵਾਲਾ ਪੰਜਾਬ ਯਾਦ ਕਰਵਾ ਦਿੱਤਾ। ਦਲਜੀਤ ਸਰਪੰਚ ਦੇ ਕਹਿਣ ਤੇ ਅਸੀਂ ਇੱਥੇ ਰੁਕੇ ਸਾਂ। ਉਹਨਾਂ ਦੇ ਦੱਸੇ ਅੰਦਾਜੇ ਅਨੁਸਾਰ ਨਾਲ ਹੀ ਮਾਰਤੰਡ ਦੇ ਮੰਦਰ ਦਾ ਪੁਰਾਣਾ ਖੰਡਰ ਸੀ। ਇਹ ਪੁਰਾਣਾ ਖੰਡਰ ਤੇ ਪਾਰਕ ਬਹੁਤ ਅੱਛੀ ਤਰ੍ਹਾਂ ਸਾਂਭ ਕੇ ਰੱਖੇ ਹੋਏ ਹਨ। ਵੱਡੇ ਵੱਡੇ



ਘੜੇ ਹੋਏ ਪੱਥਰਾਂ ਦਾ ਇਹ ਘੱਟੋ ਘੱਟ **25/30** ਫੁੱਟ ਉੱਚਾ ਖੰਡਰ, ਇਤਿਹਾਸ ਦਾ ਗਵਾਹ ਸੀ ਅਤੇ ਉਸ ਸਮੇਂ ਦੀ ਭਵਨ ਨਿਰਮਾਣ ਕਲਾ ਦਾ ਅਦਭੁੱਤ ਨਮੂਨਾ ਸੀ।ਹੇਠਾਂ ਗੱਡੀ ਖੜ੍ਹੀ ਕਰ ਦਿੱਤੀ। ਜੇ ਸੀ ਬੀ ਰਹਿਤ ਸਮੇਂ ਵਿਚ ਇਹ ਪੱਥਰ, ਲੱਭਣੇ, ਘੜਨੇ, ਢੋਣੇ ਤੇ ਚਿਨਣੇ ਸ਼ਾਇਦ ਅੱਜ ਜ਼ਿਆਦਾ ਮੁਸ਼ਕਲ ਹੈ। ਇੱਥੇ ਬੈਠ ਕਿ ਅਸੀਂ ਪੰਜਾਬੋਂ ਲਿਆਂਦੇ ਖਰਬੂਜੇ ਰਜ ਕਿ ਖਾਧੇ। ਇਹੋ ਹੀ ਸਾਡਾ ਦੁਪਹਿਰ ਦਾ ਖਾਣਾ ਬਣੇ। ਕੁਝ ਸਮਾਂ ਬਤੀਤ ਕਰਕੇ ਅਸੀਂ ਪਿੰਡ ਵੱਲ ਨੂੰ ਚਾਲੇ ਪਾ ਦਿੱਤੇ।

ਕਲਮਪੁਰੇ ਤੋਂ ਸੜਕ ਪਹਾੜ ਵੱਲ ਨੂੰ ਚੜ੍ਹਦੀ ਹੈ। ਕੋਈ ਸਮਾਂ ਸੀ ਕਿ

ਇੱਥੇ ਬਸ ਵੀ ਨਹੀਂ ਸੀ ਖੜ੍ਹਦੀ ਹੁੰਦੀ ਤੇ ਅਸੀਂ 2-2 ਘੰਟੇ ਇੰਤਜ਼ਾਰ ਕਰੀ ਜਾਣਾ ਜਾਂ ਫੇਰ 6 ਕਿਲੋਮੀਟਰ ਤੁਰ ਕਿ ਬਾਰਾਮੂਲਾ ਪਹੁੰਚਦੇ ਸੀ। ਹੁਣ ਇੱਥੋਂ ਚਹਿਲ ਪਹਿਲ ਹੋ ਗਈ ਹੈ, ਸਾਰਾ ਇਲਾਕਾ ਕਮਰਸ਼ੀਅਲ ਬਣ ਗਿਆ ਹੈ। ਦੁਕਾਨਾਂ, ਫੈਕਟਰੀਆਂ ਵਿਚ ਕੁਦਰਤ ਗੁਆਚ ਗਈ ਹੈ।

ਦਿਨ ਰਹਿੰਦੇ ਹੀ 'ਕੰਵਲ ਕਸ਼ਮੀਰੀ' ਜੀ ਆ ਗਏ। ਉਹਨਾਂ ਦੇ ਆਉਣ ਤੋਂ ਪਹਿਲੋਂ ਅਸੀਂ ਪਿਛਵਾੜੇ ਦੇ 10-12 ਏਕੜ ਵਿਚ ਲੱਗੇ ਬਾਗ ਵਿਚ ਗੇੜਾ ਮਾਰਿਆ। ਇਹ ਬਹੁਤ ਖੂਬਸੂਰਤ ਥਾਂ ਹੈ। ਇੱਥੇ ਇੱਕ ਦੋ ਘਰ ਬਣ ਗਏ ਹਨ। ਜ਼ਮੀਨਾਂ ਪਰਿਵਾਰਾਂ ਵਿਚ ਵੰਡੀਆਂ ਗਈਆਂ ਹਨ। ਵਾੜਾਂ ਦੀਆਂ ਸਰਹੱਦਾਂ ਬਣ ਗਈਆਂ ਹਨ। ਪਰ ਮੂਲ ਖੂਬਸੂਰਤੀ ਹਾਲੇ ਕਾਇਮ ਹੈ। ਸੇਬ, ਅਖਰੋਟ, ਬਦਾਮ, ਪੱਥਰ ਨਾਖ, ਬੱਗੂਗੋਸ਼ਾ, ਚੈਰੀ ਆਦਿ ਮੁੱਖ ਦਰਖਤ ਹਾਲੇ ਫਲ ਰਹੇ ਹਨ।

ਕੰਵਲ ਕਸ਼ਮੀਰੀ ਜੀ ਨਾਲ ਕਾਫੀ ਲੰਮੀ ਚੌੜੀ ਗੱਲਬਾਤ ਹੋਈ। ਉਹਨਾਂ ਦੀ ਇੱਕ ਬੇਟੀ ਇਸੇ ਪਿੰਡ ਵਿਆਹੀ ਹੈ। ਕਸ਼ਮੀਰੀ ਸਾਹਿਤ ਬਾਰੇ ਉਹ ਕਾਫੀ ਜਾਣਕਾਰੀ ਰੱਖਦੇ ਹਨ। ਅਸੀਂ ਕਸ਼ਮੀਰ ਦੇ ਨਵੇਂ ਲੇਖਕਾਂ ਬਾਰੇ ਜਾਣਿਆ। ਲਿਖਣ ਦੇ ਵਿਸ਼ਿਆਂ ਬਾਰੇ ਗੱਲ ਕੀਤੀ। ਲੇਖਕਾਂ ਦੇ ਗੁੱਟਾਂ ਦਾ ਜ਼ਿਕਰ ਹੋਇਆ। ਹੋਰ ਵੀ ਬਹੁਤ ਸਾਰੀਆਂ ਗੱਲਾਂ ਹੋਈਆਂ ਤੇ ਅੰਤ ਆਉਣ ਵਾਲੇ ਇਕ ਦਿਨ ਬਾਅਦ ਸਾਡੇ ਲਈ ਹੋ ਰਹੀ ਸਾਹਿਤ ਸਭਾ ਦੀ ਮੀਟਿੰਗ ਦਾ ਫੈਸਲਾ ਲੈਕੇ, ਰਾਤ ਕੱਟਣ ਦੀ ਤਿਆਰੀ ਸ਼ੁਰੂ ਕਰ ਦਿੱਤੀ।



# ਯਾਤਰਾ – ਸੜਕ ਦਾ ਸਿਰਾ

ਫੋਨ ਦੀ ਘੰਟੀ ਵੱਜੀ, ਮੈਂ ਯੂਨੀਵਰਸਿਟੀ ਕਿਸੇ ਕੰਮ ਜਾ ਰਿਹਾ ਸੀ।ਸਕੂਟਰ ਖੜ੍ਹਾ ਕਰਕੇ ਜੇਬੀ ਫੋਨ ਸੁਣਿਆ। ਅੱਗੋ ਕੁਲਵਿੰਦਰ ਸੀ, ਉਸਨੇ ਸਿਰਫ ਇੰਨ੍ਹਾ ਕਿਹਾ, 'ਚਲੀਏ', ਮੇਰਾ ਜਵਾਬ ਸੀ 'ਚੱਲੋ'। ਉਸਨੇ ਦੱਸਿਆ ਕਿ ਉਹ ਮੇਰੇ ਘਰ



ਅੱਧੇ ਘੰਟੇ ਤਕ ਪਹੁੰਚ ਜਾਵੇਗਾ।ਮੈਂ ਜ਼ਰੂਰੀ ਸੁਨੇਹਾ ਦੇ ਕੇ, ਵਾਪਿਸ ਘਰ ਪਹੁੰਚ ਗਿਆ। ਤਾਲਾ ਖੋਲ੍ਹ ਕਿ ਮੈਂ ਆਪਣਾ ਬੈਗ ਚੁੱਕਿਆ, ਜਿਸ ਨੂੰ ਮੈਂ ਹਮੇਸ਼ਾ ਹੀ ਤਿਆਰ ਰੱਖਦਾ ਹਾਂ। ਇਸ ਵਿਚ ਇਕ ਪਰਨਾ, ਇਕ ਕਮੀਜ਼, ਚਪਲਾਂ, ਟਾਰਚ ਜੋ ਹੱਥ ਨਾਲ ਚਲਾ ਕਿ ਚਾਰਜ ਕੀਤੀ ਜਾਂਦੀ ਹੈ, ਕੰਘੀ ਤੇ ਕੁਝ ਹੋਰ ਜਾਤੀ ਲੋੜ ਦੀਆਂ ਚੀਜ਼ਾਂ, ਦੇ ਨਾਲ ਨਾਲ ਕੁਝ ਦਵਾਈਆਂ ਜਿਵੇਂ ਡਿਸਪਰਿਨ, ਪੇਟ ਦਰਦ, ਪੇਟ ਖਰਾਬ, ਦਰਦ ਨਿਵਾਰਕ ਗੋਲੀਆਂ, ਖੰਘ ਤੇ ਜ਼ੁਕਾਮ ਦੀ ਦਵਾਈ, ਬੈਂਡਏਡ ਦੀ ਪੱਟੀ, ਡਿਟੋਲ, ਹੁੰਦੀਆਂ ਹਨ।ਇਸਦੀ ਇਕ ਖਾਸ ਕਿਸਮ ਦੀ ਗੁਪਤ ਜੇਬ ਵਿਚ ਕੁਝ ਪੈਸੇ ਤੇ ਪਛਾਣ ਪੱਤਰ ਦੀ ਫੋਟੋ ਕਾਪੀ, ਐਮਰਜੈਂਸੀ ਫੋਨ ਨੰਬਰ ਆਦਿ ਵੀ ਹੁੰਦੇ ਹਨ।



ਇਸ ਵਿਚ ਮੈਂ ਇਕ ਕਮੀਜ਼ ਅਤੇ ਹਲਕੀ ਲੋਈ ਪਾ ਲਈ, ਕੁਝ ਖਾਲੀ ਕਾਗਜ਼ ਪੈਨ ਤੇ ਕਟਰ ਵੀ ਰੱਖ ਲਏ। 2 ਕਿਤਾਬਾਂ ਜੋ ਹਾਲੇ ਪੜ੍ਹਨੋ ਰਹਿੰਦੀਆਂ ਸਨ ਉਹ ਵੀ ਰੱਖ ਲਈਆਂ। ਮੈਂ ਤਕਰੀਬਨ ਅੱਧੇ ਘੰਟੇ ਵਿਚ ਇਹ ਸਭ ਨਿਪਟਾ ਲਿਆ। ਪਾਣੀ ਦਾ ਗਿਲਾਸ ਪੀਤਾ ਤੇ ਇਕ ਬੋਤਲ ਪਾਣੀ ਦੀ ਬੈਗ ਦੇ ਨਾਲ ਲਟਕਾ ਲਈ। ਥੋੜ੍ਹੀ ਦੇਰ ਬਾਅਦ ਹੀ ਕੁਲਵਿੰਦਰ, ਆਪਣੀ ਖਸਤਾ ਹਾਲਤ ਕੁਆਲਿਸ ਲੈ ਕੇ ਆ ਗਿਆ।ਦਰਵਾਜ਼ਾ ਖੋਲ੍ਹ ਕੈਮਰੇ ਨੂੰ ਸਾਂਭਦੇ ਨੇ ਬੈਗ ਅੰਦਰ ਸੁੱਟਿਆ ਤੇ ਅਗਲੀ ਸੀਟ ਤੇ ਬੈਠ ਗਿਆ। ਕੁਲਵਿੰਦਰ ਨੇ ਗੱਡੀ ਤੋਰ ਲਈ। ਸਾਡੇ ਘਰ ਤੋਂ 300 ਮੀਟਰ ਤੇ ਪੱਖੋਵਾਲ ਰੋਡ ਲੰਘਦੀ ਹੈ। ਜਦੋਂ ਮੋੜ ਤੇ ਆਏ ਕੁਲਵਿੰਦਰ ਪੁੱਛਦਾ, 'ਕਿੱਥੇ ਚੱਲੀਏ?'

'ਜਿਥੇ ਮਰਜ਼ੀ, ਮੇਰੇ ਵਲੋਂ ਚੌੜੇ ਬਜ਼ਾਰ ਚੱਲ'

'ਬੜ੍ਹੋਗ ਚਲੀਏ?'

ਮੈਂ ਜਵਾਬ ਕੀ ਦੇਣਾ ਸੀ, ਹਾਂ ਵਿਚ ਆਪਣਾ ਸਿਰ ਹਿਲਾ ਦਿੱਤਾ। ਗੱਡੀ ਚੱਲ ਪਈ। ਐਵੇਂ ਕੋਈ ਗੱਲ ਜਿਹੀ ਕੀਤੀ, ਇੰਨੇ ਚਿਰ ਨੂੰ ਭਾਈ ਬਾਲਾ ਚੌਂਕ ਆ ਗਿਆ। ਪਤਾ ਨਹੀਂ ਕੀ ਹੋਇਆ ਕਿ ਗੱਡੀ ਸੱਜੇ ਮੁੜਨ ਦੀ ਬਜਾਏ ਸਿੱਧੀ ਘੁਮਾਰ ਮੰਡੀ ਵਾਲੀ ਸੜਕ ਤੇ ਪੈ ਗਈ। ਸੱਜੇ ਜਾਣ ਲਈ ਲੰਮਾ ਚੱਕਰ ਕੱਟ ਕਿ ਆਉਣਾ ਪੈਣਾ ਸੀ। 'ਯਾਰ ਬੜ੍ਹੋਗ ਲਈ ਤਾਂ ਸੱਜੇ ਮੁੜਨਾ ਸੀ' ਕੁਲਵਿੰਦਰ ਨੇ ਫਿਕਰਮੰਦੀ ਜ਼ਾਹਿਰ ਕੀਤੀ।

'ਕੋਈ ਨੀ ਆਪਾਂ ਬੜ੍ਹੋਗ ਜਾਂਦੇ ਹੀ ਨਹੀਂ'

'ਫੇਰ'

'ਆਪਾਂ ਪਾਲਮਪੁਰ ਚਲਦੇ ਹਾਂ ਉਥੇ ਮੌਸਮ ਚੰਗਾ ਹੁੰਦਾ',

'ਚਲੋਂ ਪਾਲਮਪੁਰ ਹੀ ਸਹੀ'

ਸਾਡੀ ਗੱਡੀ ਥੋੜ੍ਹੇ ਚਿਰ ਬਾਅਦ ਜਲੰਧਰ ਵੱਲ ਨੂੰ ਤੁਰ ਪਈ ਪਾਲਮਪੁਰ ਜਾਣ ਲਈ ਫਗਵਾੜੇ ਤੋਂ ਹੁਸ਼ਿਆਰਪੁਰ ਹੋ ਕੇ ਜਾਣਾ ਪੈਂਦਾ ਹੈ। ਰਸਤੇ ਵਿਚ ਟਰੈਫਿਕ ਤੇ ਬੇਲੋੜੀ ਰਫਤਾਰ ਨਾਲ ਭੱਜੇ ਜਾਂਦੇ ਲੋਕਾਂ ਬਾਰੇ ਗੱਲਾਂ ਕਰਦੇ ਰਹੇ।

ਫਿਲੌਰ ਤੇ ਗੁਰਾਇਆ ਦੇ ਅੱਧ ਵਿਚ ਹੋਵਾਂਗੇ ਕਿ ਮੈਂ ਕੁਲਵਿੰਦਰ ਨੂੰ ਕਿਹਾ, 'ਯਾਰ ਪਾਲਮਪੁਰ ਤਾਂ ਕਈ ਵਾਰ ਗਏ ਹਾਂ, ਕਦੇ ਚੰਬੇ ਨਹੀਂ ਗਏ'

'ਚੱਲ ਫਿਰ ਚੰਬੇ ਹੀ ਚੱਲਦੇ ਹਾਂ।'

'ਪਰ ਚੰਬੇ ਪਹੁੰਚਾਂਗੇ ਰਾਤ ਨੂੰ, ਰਹਿਣ ਲਈ ਥਾਂ ਤਾਂ ਲੱਭਣੀ ਪਊ।'

'ਕੋਈ ਨੀ ਦੇਖੀ ਜਾਊ'

'ਹਾਂ, ਯਾਦ ਆਇਆ', ਆਪਣਾ ਇਕ ਮਿੱਤਰ ਆ ਡਾ ਅਰੁਨ ਚੰਦਨ, ਉਹ ਉਥੇ ਨੌਕਰੀ ਕਰਦਾ, ਉਹਨੂੰ ਫੋਨ ਕਰਦੇ ਹਾਂ। ਮੈਨੂੰ ਆਸ ਦੀ ਕਿਰਨ ਜਾਗੀ।

ਫੋਨ ਵਿਚੋਂ ਡਾ ਦਾ ਫੋਨ ਲੱਭਣ ਦੀ ਬਥੇਰੀ ਕੋਸ਼ਿਸ਼ ਕੀਤੀ, ਕਦੇ ਅਰੁਨ, ਕਦੇ ਚੰਦਨ ਕਦੇ ਡਾਕਟਰ, ਕਦੇ ਚੰਬਾ, ਪਰ ਸਭ ਬੇਕਾਰ। ਇਹ ਆਮ ਹੀ ਹੁੰਦਾ ਹੈ ਕਿ ਜਦੋਂ ਨੰਬਰ ਲੱਭੋ ਉਹ ਫੋਨ ਵਿਚੋਂ ਡਿਲੀਟ ਹੋਇਆ ਹੁੰਦਾ ਹੈ। ਖੈਰ ਦਿਮਾਗ ਲੜਾਇਆ। ਕੁਝ ਨਾ ਸੁੱਝਿਆ। ਫਗਵਾੜਾ ਅਸੀਂ ਪਾਰ ਕਰਕੇ ਜਲੰਧਰ ਦੇ ਰਾਹ ਪੈ ਚੁੱਕੇ ਸਾਂ।

ਕੁਝ ਸਮੇਂ ਬਾਅਦ ਖਿਆਲ ਆਇਆ ਕਿ ਚੰਦਨ ਨੂੰ ਮੈਂ ਪਹਿਲੀ ਵਾਰ ਅਹਿਮਦਾਬਾਦ ਗੁਜਰਾਤ ਵਿਚ ਮਿਲਿਆ ਸੀ। ਇਕ ਖੋਜੀ ਸੰਸਥਾ ਦੇ ਅਸੀਂ ਦੋਵੇਂ ਮੈਂਬਰ ਹਾਂ। ਮੈਂ ਫੋਨ ਵਿਚ ਖੋਜ ਕੀਤੀ ਤਾਂ ਮੈਨੂੰ ਉਸ ਸੰਸਥਾ ਦਾ ਨੰਬਰ ਮਿਲ ਗਿਆ। ਕੁਦਰਤੀ ਦਫਤਰ ਖੁੱਲ੍ਹਣ ਦਾ ਵਕਤ ਵੀ ਹੋ ਚੁੱਕਾ ਸੀ।ਟਰਨ ਟਰਨ ਤੇ ਅੱਗੋਂ ਇਕ ਲੇਡੀ ਨੇ ਫੋਨ ਚੁੱਕਿਆ। ਮੈਂ ਦੱਸਿਆ ਕਿ ਮੈਂ 'ਜੌਲ ਭਾਈ' ਬੋਲ ਰਿਹਾ ਤਾਂ ਉਸਨੇ ਦੱਸਿਆ ਕਿ ਉਸਨੇ ਪਛਾਣ ਲਿਆ ਹੈ ਤੇ ਉਹ ਦਫਤਰ ਇੰਚਾਰਜ 'ਦੀਪਕਾ' ਬੋਲ ਰਹੀ ਹੈ। ਉਸਨੇ ਕੁਝ ਹੀ ਸਮੇਂ ਵਿਚ ਡਾ ਚੰਦਨ ਦਾ ਮੋਬਾਇਲ ਨੰਬਰ ਲੱਭ ਕੇ ਮੈਨੂੰ ਦੱਸ ਦਿੱਤਾ ਤੇ ਕਿਹਾ ਕਿ ਉਹ ਡਾ ਚੰਦਨ ਨੂੰ ਵੀ ਮੇਰਾ ਫੋਨ ਦੇ ਦੇਵੇਗੀ। ਸਾਡੀਆਂ ਵਾਛਾਂ ਖਿੜ ਗਈਆਂ। ਦੋ ਘੰਟੇ ਦਾ ਸਫਰ ਕਾਮਯਾਬ ਹੋ ਗਿਆ।

ਡਾ ਚੰਦਨ ਨੇ ਦੱਸਿਆ ਕਿ ਉਹ ਅਜਕਲ੍ਹ ਧਰਮਸ਼ਾਲਾ ਰਹਿ ਰਿਹਾ ਹੈ। ਪਰ ਉਹ ਕਿਸੇ ਨੂੰ ਕਹਿ ਕਿ ਚੰਬੇ ਇੰਤਜ਼ਾਮ ਕਰਵਾ ਦੇਵੇਗਾ। ਘੰਟੇ ਡੇਢ ਘੰਟੇ ਬਾਅਦ ਇਕ ਚੰਬੇ ਦੇ ਲੋਕ ਗੀਤ ਕਲਾਕਾਰ ਦਾ ਫੋਨ ਆ ਗਿਆ। ਉਸਨੇ ਸਾਨੂੰ ਹੋਟਲ ਦੀ ਥਾਂ ਸਮਝਾ ਦਿੱਤੀ ਤੇ ਫੋਨ ਨੰਬਰ ਵੀ ਦੇ ਦਿੱਤਾ। ਨਾਲੇ ਇਹ ਵੀ ਦੱਸ ਦਿੱਤਾ

ਕਿ ਫਿਕਰ ਨਹੀਂ ਕਰਨਾ।

ਹੁਣ ਅਸੀਂ ਅਜ਼ਾਦ ਸਾਂ। ਗੱਡੀ ਆਪਣੀ ਮਸਤ ਚਾਲੇ ਜਾ ਰਹੀ ਸੀ। ਪਠਾਨਕੋਟ ਪਹੁੰਚਣ ਹੀ ਵਾਲੇ ਸਾਂ, ਹਰਿਆਲੀ ਵੱਧ ਚੁੱਕੀ ਸੀ। ਬਜਰੀ ਦੇ ਟਰੱਕ ਭੀੜ ਬਣੇ ਹੋਏ ਸਨ। ਕੈਮਰਾ ਆਪਣੇ ਆਪ ਚੱਲ ਰਿਹਾ ਸੀ। ਇਕ ਢਾਬੇ ਉਤੇ ਰੁੱਕ ਕੇ ਦੋ ਦੋ ਪਰਾਂਠੇ ਖਾਧੇ ਤੇ ਕੜ੍ਹਕ ਚਾਹ ਪੀਤੀ। ਪਠਾਨਕੋਟ ਤੋਂ ਪਹਿਲੋਂ ਇਕ ਪਹਾੜ ਤੋਂ ਸ਼ਹਿਰ ਦਾ ਅਦਭੁਤ ਦ੍ਰਿਸ਼ ਬਣਦਾ ਹੈ। ਇਹ ਵੇਖਣ ਤੇ ਮਾਨਣ ਲਈ ਉਥੇ ਰੁਕੇ ਰਹੇ।

ਇਸ ਥਾਂ ਤੇ ਇਕ ਮੰਦਿਰ ਬਣਿਆ ਹੋਇਆ ਹੈ। ਵਪਾਰਕ ਦ੍ਰਿਸ਼ਟੀ ਤੋਂ ਇਥੇ ਇਕ ਬਹੁਤ ਵੱਡਾ ਬੁੱਤ ਲਗਾ ਦਿੱਤਾ ਗਿਆ ਹੈ। ਆਮ ਸੈਲਾਨੀ ਇਥੇ ਰੁੱਕਦੇ ਹਨ। ਇਸ ਨਾਲ ਉਥੇ ਦੇ ਦੁਕਾਨਦਾਰਾਂ ਦਾ ਤੋਰੀ ਫੁੱਲਕਾ ਚੱਲਦਾ ਹੈ। ਇਥੇ ਏਨੇ ਬਾਂਦਰ ਹਨ ਕਿ ਤੁਹਾਡੇ ਹੱਥ ’ਚੋਂ ਚੀਜ਼ਾਂ ਖੋਹ ਕੇ ਲੈ ਜਾਂਦੇ ਹਨ। ਖਾਸ ਕਰਕੇ ਬੱਚਿਆਂ ਕੋਲੋਂ, ਚਿਪਸ, ਚਾਕਲੇਟ ਜਾਂ ਫਲ ਆਦਿ। ਵੈਸੇ ਇਹ ਦੁਖਾਂਤ ਸਾਡੇ ਹਰ ਸੈਲਾਨੀ ਥਾਂ ਦਾ ਹੈ। ਅਸੀਂ ਪਠਾਨਕੋਟ ਪਹੁੰਚ ਕੇ ਸੱਜੇ ਪਾਸੇ ਬਾਈਪਾਸ ਰਾਹੀਂ ਮੰਡੀ ਵਾਲੀ ਸੜ੍ਹਕ ਪੈ ਗਏ। ਕੋਈ 6 ਕਿਲੋਮੀਟਰ ਜਾਣਾ ਹੁੰਦਾ ਹੈ। ਕੁਝ ਕਿਲੋਮੀਟਰ ਚੱਲਣ ਤੋਂ ਬਾਅਦ ਇਕ ਸੜ੍ਹਕ ਡਲਹੌਜ਼ੀ ਨੂੰ ਚਲੇ ਜਾਂਦੀ ਹੈ ਤੇ ਦੂਸਰੀ ਚੰਬੇ ਵੱਲ ਨੂੰ ਥੱਲੇ ਉਤਰ ਜਾਂਦੀ ਹੈ। ਇਹ ਸਾਰਾ ਰੂਟ ਬਹੁਤ ਰਮਣੀਕ ਹੈ। ਇਥੇ ਟਰੈਫਿਕ ਤੇ ਸੈਲਾਨੀ ਘੱਟ ਜਾਂਦੇ ਹਨ। ਘਰੇਲੂ ਬੱਕਰੀਆਂ ਇਥੇ ਕਾਫੀ ਹਨ। ਇਸ ਸੜ੍ਹਕ ਤੇ ਤੁਹਾਨੂੰ ਜ਼ਿਆਦਾ ਪਹਾੜੀ ਲੋਕ ਹੀ ਟੱਕਰਨਗੇ। ਜੀਪੇ ਤੇ ਸੂਮੋ ਇਥੇ ਲੋਕਲ ਸਵਾਰੀਆਂ ਨਾਲ ਲੱਦੇ ਮਿਲਦੇ ਹਨ। ਬਸਾਂ ਵੀ ਬਹੁਤ ਘੱਟ ਸਨ। ਜਦੋਂ ਰਾਵੀ ਦੇ ਕੰਢੇ ਇਹ ਸੜ੍ਹਕ ਚਲਦੀ ਤਾਂ ਰਾਵੀ ਦੀਆਂ ਵੱਡੀਆਂ ਝੀਲਾਂ ਦਿੱਸਦੀਆਂ ਹਨ। ਨੀਲਾ ਪਾਣੀ ਮਨ ਨੂੰ ਸ਼ਾਂਤੀ ਦੇਂਦਾ ਹੈ। ਕਈ ਵਿਦੇਸ਼ੀ ਸੈਲਾਨੀ ਇਹਨਾਂ ਵਿਚ ਮੋਟਰ ਬੋਟਾਂ ਚਲਾਉਂਦੇ ਹਨ। ਦੂਸਰੇ ਪਾਰ ਇਸਦੇ ਕੰਢੇ ਤੇ ਸੁੰਦਰ ਘਰ, ਹੋਟਲ, ਮੋਟਲ ਆਦਿ ਬਣੇ ਹੋਏ ਹਨ। ਸਚਮੁਚ ਇੰਝ ਲੱਗਦਾ ਹੈ, ਕੈਨੇਡਾ ਦੀ ਕਿਸੇ ਝੀਲ ਦੇ ਕੰਢੇ ਆ ਗਏ ਹੋਈਏ। ਇਥੋਂ ਅੱਗੇ ਵਧਣ ਨੂੰ ਦਿਲ ਨਹੀਂ ਕਰਦਾ। ਖੈਰ ਸਮਾਂ ਤੇ ਸਫਰ ਨਾਲ ਨਾਲ ਚੱਲ ਰਹੇ ਸਨ। ਕੈਮਰਾ ਆਪਣਾ ਕੰਮ ਕਰੀ ਜਾ ਰਿਹਾ ਸੀ। ਇਹ ਨਜ਼ਾਰੇ ਵੇਖਦੇ ਹੋਏ ਅਸੀਂ ਘੁਸਮੁਸੇ ਜਿਹੇ ਵਿਚ ਚੰਬੇ ਪਹੁੰਚ ਗਏ। ਸਾਡਾ ਹੋਟਲ ਚੰਬੇ ਤੋਂ 4 ਕਿਲੋਮੀਟਰ ਪਹਿਲੋਂ ਸੀ। ਸਾਫ ਸੁਥਰੀ ਥਾਂ ਤੇ ਸੋਹਣਾ ਮੌਸਮ। ਹੋਟਲ ਵਾਲੇ ਨੂੰ ਕਿਉਂਕਿ ਸਾਡਾ ਪਹਿਲੋਂ ਹੀ ਪਤਾ ਸੀ ਇਸ ਲਈ ਉਸਨੇ ਸਾਰਾ ਇੰਤਜ਼ਾਮ ਕਰਕੇ ਰੱਖਿਆ ਹੋਇਆ ਸੀ। ਅਸੀਂ ਥੋੜ੍ਹਾ ਅਰਾਮ ਕੀਤਾ ਤੇ ਫੇਰ



ਸ਼ਹਿਰ ਦੀ ਗੇੜ੍ਹੀ ਦੇਣ ਚਲੇ ਗਏ।


ਚੰਬਾ ਕੋਈ ਵੱਡਾ ਸ਼ਹਿਰ ਨਹੀਂ ਹੈ।ਬਜ਼ਾਰ ਵਿਚ ਬਸ ਇੱਕਾ ਦੁੱਕਾ ਹੀ ਸੈਲਾਨੀ ਸਨ। ਬਾਕੀ ਸਭ ਸਥਾਨਕ ਲੋਕ ਸਨ। ਇਵੇਂ ਲਗਦਾ ਸੀ ਜਿਵੇਂ ਲੁਦੇਹਾਣੇ ਦਾ ਹੀ ਕੋਈ ਬਜ਼ਾਰ ਹੋਵੇ। ਵਿਚਕਾਰ ਇਕ ਪਾਰਕ ਤੇ ਆਲੇ ਦੁਆਲੇ ਦੁਕਾਨਾਂ। ਕਾਰ ਪਾਰਕਿੰਗ ਵੀ ਆਮ ਜਿਹੀ 5/10 ਰੁਪਏ ਹੀ ਸੀ। ਅਸੀਂ ਪੈਦਲ ਘੁੰਮ ਰਹੇ ਸੀ। ਸਮਾਨ ਕਾਫੀ ਠੀਕ ਰੇਟਾਂ ਤੇ ਸੀ। ਮਸਲਨ ਹਿਮਾਚਲੀ ਟੋਪੀ ਇਥੇ 15 ਰਪਏ ਦੀ ਸੀ ਜੋ, ਸ਼ਿਮਲੇ ਜਾਂ ਡਲਹੌਜ਼ੀ 150 ਰੁਪਏ ਦੀ ਦੇਂਦੇ ਹਨ। ਬਾਕੀ ਸਭ ਕੁਝ ਵੀ ਠੀਕ ਠਾਕ ਹੀ ਸੀ। ਕਿਉਂਕਿ ਅਸੀਂ ਤਾਂ ਕੁਝ ਲੈਣਾ ਹੀ ਨਹੀਂ ਸੀ ਇਸ ਲਈ, ਅਸੀਂ ਇਕ ਰੇੜ੍ਹੀ ਤੋਂ ਗੋਲਗੱਪੇ ਖਾ ਕਿ ਮੌਸਮ ਦੇ ਨਜ਼ਾਰੇ ਲੈਂਦੇ ਵਾਪਿਸ ਆ ਗਏ। ਰੋਟੀ ਤਿਆਰ ਸੀ ਕੁਲਵਿੰਦਰ ਨੇ ਆਪਣੀ ਜ਼ਰੂਰੀ ਦਵਾਈ ਲਈ ਤੇ ਅਸੀਂ ਸਾਦੀ ਤੇ ਸੁਆਦੀ ਰੋਟੀ ਖਾ ਕੇ ਘੂਕ ਸੌਂ ਗਏ।

ਦੂਸਰੇ ਦਿਨ ਅਸੀਂ ਆਲੇ ਦੁਆਲੇ ਬਾਰੇ ਪੁੱਛਿਆ ਤੇ ਪਤਾ ਲੱਗਾ ਕਿ 70 ਕੁ ਕਿਲੋਮੀਟਰ ਤੇ ਆਖਰੀ ਕਸਬਾ ਭਰਮੌਰ ਹੈ। ਅਸੀਂ ਹੋਟਲ ਵਾਲੇ ਨਾਲ ਹਿਸਾਬ ਕੀਤਾ ਤੇ ਸਮਾਨ ਚੁੱਕ ਚਾਲੇ ਪਾ ਦਿੱਤੇ ਭਰਮੌਰ ਵੱਲ। ਇਹ ਰਾਹ ਵੀ ਖੂਬਸੂਰਤ ਸੀ। ਕਈ ਪਿੰਡਾਂ ਵਿਚ ਹੁੰਦੇ ਹੋਏ ਅਸੀਂ ਭਰਮੌਰ ਪੁੱਜ ਗਏ। ਇਥੇ ਕਾਫੀ

ਚਹਿਲ ਪਹਿਲ ਸੀ। ਇਥੋਂ ਬਸਾਂ ਆਦਿ ਵਾਪਿਸ ਮੁੜ ਜਾਂਦੀਆਂ ਹਨ। ਅਸੀਂ ਇਕ ਹੋਟਲ ਤੋਂ ਰੋਟੀ ਖਾਧੀ, ਜੋ ਠੀਕ ਠੀਕ ਹੀ ਸੀ।

ਕਿਸੇ ਨੂੰ ਪੁਛਿਆ ਕਿ ਇਹ ਸੜਕ ਅੱਗੇ ਕਿਥੇ ਜਾਂਦੀ ਹੈ ਤਾਂ ਕੋਈ ਸਹੀ ਉੱਤਰ ਨਾ ਮਿਲਿਆ। ਫੇਰ ਅਸੀਂ ਸੋਚਿਆ ਕਿ ਚਲੋ ਵੇਖ ਹੀ ਲੈਂਦੇ ਹਾਂ। ਅਸੀਂ ਗੱਡੀ ਤੋਰ ਲਈ। ਸੜਕ ਬਹੁਤ ਛੋਟੀ ਸੀ ਤੇ ਕਾਫੀ ਖਤਰਨਾਕ, ਕਈ ਥਾਵਾਂ ਤੇ ਅਸਮਾਨੀ ਬਿਜਲੀ ਨਾਲ ਸੜਕ ਤੇ ਸੜੇ ਹੋਏ ਦਰਖਤ ਡਿੱਗੇ ਹੋਏ ਸਨ। ਪਰ ਆਲੇ ਦੁਆਲੇ ਦੇ ਦ੍ਰਿਸ਼ ਬਹੁਤ ਕਮਾਲ ਦੇ ਸਨ। ਅਸੀਂ ਤਕਰੀਬਨ ਦੋ ਘੰਟੇ ਤੋਂ ਵੱਧ ਸਮੇਂ ਵਿਚ 80 ਕਿਲੋਮੀਟਰ ਨਿਕਲ ਆਏ। ਇਕ ਥਾਂ ਤੇ ਵਿਛਵੀਂ ਜਿਹੀ ਲੰਮੀ ਨਦੀ ਜਿਹੀ ਵਹਿ ਰਹੀ ਸੀ। ਬਾਹਰ ਉਤਰ ਕੇ ਵੇਖਿਆ। ਸੁਖਦਾਈ ਮੌਸਮ, ਸਾਫ ਸੁਥਰੀ ਹਵਾ ਤੇ ਹਰਿਆਲੀ। ਚਿੱਟਾ ਪਾਣੀ ਤੇ ਅਵਾਜ਼ ਕੋਈ ਨਹੀਂ ਸੀ। ਅਚਾਨਕ ਇਕ ਪਹਾੜੀ ਕਾਂ ਦੀ ਅਵਾਜ਼ ਸੁਣਾਈ ਦਿੱਤੀ। ਕੈਮਰੇ ਨਾਲ ਲੱਭਣ ਦੀ ਕੋਸ਼ਿਸ਼ ਕੀਤੀ ਪਰ ਕਿਤੇ ਨਾ ਦਿਸਿਆ। ਆਖਰ ਥੋੜੀ ਮਿਹਨਤ ਨਾਲ ਪਤਾ ਲੱਗਾ ਕਿ ਕਾਂ ਦੀ ਅਵਾਜ਼ ਤਕਰੀਬਨ 700 ਮੀਟਰ ਦੂਰ ਤੋਂ ਆ ਰਹੀ ਸੀ। ਅਵਾਜ਼ ਪ੍ਰਦੂਸ਼ਣ ਦੇ ਗਿਝੇ ਹੋਏ ਸਾਡੇ ਕੰਨਾਂ ਲਈ ਇਹ ਅਲੋਕਾਰੀ ਘਟਨਾ ਤੋਂ ਘੱਟ ਨਹੀਂ ਸੀ। ਖੈਰ ਅਸੀਂ ਆਨੰਦ ਲੈਂਦੇ ਹੋਏ ਅੱਗੇ ਵਧੇ। ਇਕ ਪੁਲ ਆਇਆ ਜੋ ਇਸ ਨਾਲੇ ਨੂੰ ਪਾਰ ਕਰਦਾ ਸੀ। ਪੁਲ ਤੋਂ ਇਕਦਮ ਬਾਅਦ ਸੜਕ ਖਤਮ ਹੋ ਗਈ। ਇਸ ਪਾਸੇ ਚੌੜੀ ਜਿਹੀ ਡੰਡੀ ਜਾ ਰਹੀ ਸੀ ਤੇ ਦੂਜੇ ਪਾਸੇ ਪਤਲੀ ਡੰਡੀ। ਕੁਝ ਦੇਰ ਬਾਅਦ ਉਥੇ ਲਕੜਾਂ ਚੁੱਗਦੇ ਕੁਝ ਪਹਾੜੀਏ ਆਏ ਤੇ ਫੇਰ ਇਕ ਭੇਡਾਂ ਦਾ ਇੱਜੜ। ਸਾਡੇ ਪੁੱਛਣ ਤੇ ਉਹਨਾਂ ਦੱਸਿਆ ਕਿ ਇਥੋਂ ਅੱਗੇ ਪਹਾੜ ਦੇ ਪਾਰ ਤੱਕ ਛੋਟੀ ਡੰਡੀ ਪਤਲੀ ਹੀ ਜਾਂਦੀ ਹੈ।

ਚੌੜੀ ਡੰਡੀ ਤੇ ਸੜਕ ਬਣੇਗੀ। ਸੜਕ ਦੇ ਇਸ ਸਿਰੇ ਨੇ ਸਾਡੀ ਯਾਤਰਾ ਵੀ ਪੂਰੀ ਕਰ ਦਿੱਤੀ।ਬਾਕੀ ਤਾਂ ਆਮ ਵਾਂਗ ਬਸ ਘਰ ਵਾਪਸੀ ਹੀ ਸੀ।



# ਯਾਤਰਾ – ਮੇਲਾ–ਏ–ਪੁਸ਼ਕਰ


ਬੜੇ ਹੀ ਸਾਲਾਂ ਦੀ ਤਮੰਨਾ ਸੀ ਕਿ ਰਾਜਸਥਾਨ ਦੇ ਧੁਰ ਅੰਦਰ ਲਗਦਾ ਸਦੀਆਂ ਪੁਰਾਣਾ ਪੁਸ਼ਕਰ ਮੇਲਾ ਦੇਖਿਆ ਜਵੇ। ਹਰ ਸਾਲ ਹੀ ਫਜ਼ੂਲ ਰੁਝੇਵੇਂ ਮੇਲਾ ਵੇਖਣ ਤੋਂ ਵਾਂਝੇ ਰੱਖ ਲੈਂਦੇ। ਕਈ ਵਾਰੀ ਤਾਂ ਮੇਲਾ ਮੁੱਕੇ ਤੇ ਹੀ ਪਤਾ ਚੱਲਦਾ। ਮਨ ਵਿਚ ਬੜਾ ਅਫਸੋਸ ਹੁੰਦਾ। ਹੋਣਾ ਐਤਕੀਂ ਵੀ ਇੰਝ ਹੀ ਸੀ, ਪਰ ਭਲਾ ਹੋਵੇ ਫੇਸਬੁੱਕ ਵਾਲਿਆਂ ਦਾ, ਇਕ ਫੇਸਬੁੱਕੀ ਦੋਸਤ ਜੋ ਆਪਣੇ ਆਪ ਨੂੰ ਪਾਗਲਾਂ ਦਾ ਬੌਸ ਰਾਣਾ ਅਖਵਾਉਂਦਾ ਹੈ ਤੇ ਆਪਣਾ ਨਾਮ ਲੋਲੋ ਪੋਲੋ ਦੱਸਦਾ ਹੈ ਨੇ ਅਚਾਨਕ ਫੋਨ ਕੀਤਾ। 'ਕਿਉਂ ਭਾਜੀ ਚੱਲੀਏ ਪੁਸ਼ਕਰ ਦਾ ਮੇਲਾ ਵੇਖਣ? ਸਾਡੀਆਂ ਸੀਟਾਂ ਬੁੱਕ ਹਨ।' ਮਨ ਖਿੜ ਉੱਠਿਆ, ਮੈਂ ਉਸੇ ਵਕਤ ਆਪਣੇ ਦੋਸਤ



ਦਲਜੀਤ ਸਿੰਘ ਸਰਪੰਚ ਨੂੰ ਫੋਨ ਕੀਤਾ। ਬਿਨ੍ਹਾਂ ਹੀਲ ਹੁੱਜਤ ਉਸ ਕਿਹਾ 'ਚਲੋ ਫੇਰ'। ਰੇਲ ਗੱਡੀ ਦੀਆਂ ਸੀਟਾਂ ਕੈਂਸਲ ਕਰਵਾ ਦਿੱਤੀਆਂ ਤੇ ਆਪਣੀ ਗੱਡੀ ਵਿਚ ਤੇਲ ਦਾ ਇੰਤਜ਼ਾਮ ਕਰ ਲਿਆ। ਪੁਸ਼ਕਰ ਲੁਧਿਆਣਿਓ ਤਕਰੀਬਨ 700 ਕਿਲੋਮੀਟਰ ਦੂਰ ਹੈ। ਜੇ ਦੱਬੀ ਚੱਲੋ ਤਾਂ ਇਕ ਦਿਨ ਦਾ ਹੀ ਸਫਰ ਹੈ। ਪਰ ਲੋਲੋ

ਪੋਲੋ ਤੇ ਉਸਦੇ ਦੋਸਤ ਹਰਜੀਤ ਗਿੱਲ ਨੇ ਅੰਬਰਸਰੋਂ ਆਉਣਾ ਸੀ। ਫੈਸਲਾ ਇਹ ਹੋਇਆ ਕਿ ਉਹ ਰਾਤ ਨੂੰ 11:30 ਵਾਲੀ ਰੇਲ ਚੜ੍ਹ ਕਿ ਸਵੇਰੇ 3 ਵਜੇ ਸਟੇਸ਼ਨ ਤੇ ਪਹੁੰਚ ਜਾਣਗੇ ਤੇ ਅਸੀਂ ਉਥੋਂ ਹੀ ਅੱਗੇ ਨੂੰ ਚਾਲੇ ਪਾ ਦੇਵਾਂਗੇ।

ਪਰ ਅਚਾਨਕ ਸਾਨੂੰ ਪੰਜਾਬ ਯੂਨੀਵਰਸਿਟੀ ਦੇ ਯੁਵਕ ਮੇਲੇ ਦੀ ਡਿਊਟੀ (ਜੱਜ) ਨਿਭਾਉਣ ਦਾ ਹੁਕਮ ਆ ਗਿਆ। ਇਸ ਲਈ ਇਹ ਯਾਤਰਾ ਇਕ ਦਿਨ ਲਈ ਅੱਗੇ ਪਾ ਦਿੱਤੀ ਗਈ। ਅਗਲੇ ਦਿਨ ਸਵੇਰੇ 3 ਵਜੇ ਫੋਨ ਆਇਆ ਕਿ 'ਸਟੇਸ਼ਨ ਤੇ ਪਹੁੰਚ ਗਏ ਹਾਂ।' ਤੇ ਮੈਂ ਥੋੜ੍ਹੀ ਦੇਰ ਵਿਚ ਹੀ ਸਟੇਸ਼ਨ ਤੇ ਪਹੁੰਚ ਗਿਆ, ਜਾ ਕਿ ਪਤਾ ਲੱਗਾ ਕਿ ਉਹ ਗੱਡੀ ਤੇ ਨਹੀਂ ਬਸ ਤੇ ਆਏ ਸਨ, ਕਿਉਂਕਿ ਉਸ ਦਿਨ 11:30 ਵਾਲੀ ਰੇਲ ਨਹੀਂ ਸੀ ਚੱਲਣੀ। ਉਹ ਸਾਰੀ ਰਾਤ ਬੱਸਾਂ ਬਦਲ



ਬਦਲ ਕੇ ਗੁਰੂ ਕੀ ਨਗਰੀ ਤੋਂ ਪੰਜਾਬ ਦੇ ਧੁੰਏ ਵਾਲੇ ਸ਼ਹਿਰ ਪਹੁੰਚੇ ਸਨ। ਖੈਰ ਅਸੀਂ ਚਾਰਾਂ ਨੇ ਚਾਰ ਕੁ ਵਜੇ ਸਫਰ ਸ਼ੁਰੂ ਕਰ ਦਿੱਤਾ।

ਗੱਡੀ ਮੈਂ ਚਲਾ ਰਿਹਾ ਸੀ ਤੇ ਨਾਲ ਹੀ ਬੈਠੇ ਸਰਪੰਚ ਸਾਹਿਬ (ਦਲਜੀਤ ਸਿੰਘ) ਨੇ ਪਾਠ ਸ਼ੁਰੂ ਕਰ ਦਿੱਤਾ, ਆਸਾ ਦੀ ਵਾਰ ਸਣੇ ਉਹਨਾਂ ਨੇ ਮੂੰਹ ਜ਼ੁਬਾਨੀ (ਕੰਠ) ਪੂਰਾ ਇਕ ਘੰਟਾ ਲਾਇਆ। ਵਿਚ ਵਿਚ ਉਹ ਆਪਣੇ ਮੋਬਾਈਲ ਤੇ ਪਾਏ ਹੋਏ ਪਾਠ ਵਿਚੋਂ ਭੁੱਲਣ ਦੇ ਡਰੋਂ ਦੇਖ ਲੈਂਦੇ ਸਨ। ਦਿਨ ਵੀ ਚੜ੍ਹੂੰ ਚੜ੍ਹੂੰ ਕਰਦਾ

ਸੀ।ਅਸੀਂ ਬਰਨਾਲੇ ਕੋਲ ਪਹੁੰਚ ਗਏ। ਉਥੇ ਨਵੇਂ ਬਣੇ ਰੇਲਵੇ ਪੁਲ ਉਤੇ ਪੁਲਿਸ ਵਾਲੇ ਟਰੱਕਾਂ ਵਾਲਿਆਂ ਨੂੰ ਰੋਕ ਕਿ ਤੜਕੇ ਤੜਕੇ ਗਾਹਕੀ ਕਰ ਰਿਹੇ ਸਨ। ਇਹ ਨਜ਼ਾਰਾ ਵੀ ਵੇਖਣਯੋਗ ਸੀ। ਪੁਲਿਸ ਦੀ ਫੁਰਤੀ ਕਮਾਲ ਦੀ ਸੀ। ਮਜ਼ਾਲ ਹੈ ਕੋਈ ਬਿਨ੍ਹਾਂ ਸੌਦਾ ਖਰੀਦੇ ਲੰਘ ਜਾਵੇ। ਇਥੇ ਇਹ ਗੱਲ ਦੱਸਣੀ ਬਣਦੀ ਹੈ ਕਿ



ਪੰਜਾਬ ਦੇ ਬਾਰਡਰ ਤੋਂ ਬਾਹਰ ਸਾਨੂੰ ਹਰਿਆਣਾ ਜਾਂ ਰਾਜਸਥਾਨ ਵਿਚ ਪੁਲਿਸ ਵੇਖਣ ਲਈ ਤਰੱਦਦ ਕਰਨਾ ਪੈਂਦਾ ਸੀ। ਕਿਤੇ ਕੋਈ ਨਾਕਾ ਨਹੀਂ ਸੀ ਸਿਵਾਏ ਟੌਲ ਬੈਰੀਅਰ ਦੇ।

ਟੋਲ ਵੀ ਪੰਜਾਬ ਨਾਲੋਂ ਕਿਤੇ ਘੱਟ, 30 ਜਾਂ ਹੱਦ 50 ਰੁਪਏ, ਉਹ ਵੀ ਮਾਫ ਜੇ ਤੁਹਾਡੇ ਕੋਲ ਪੈਸ ਦਾ ਸਹੀ ਪਛਾਣ ਪੱਤਰ ਹੋਵੇ। ਪੂਰੇ ਸੂਬੇ ਵਿਚ ਪੈਸ ਨੂੰ ਟੋਲ ਮੁਆਫ ਹੈ। ਪਹਿਲੋਂ ਪਤਾ ਨਾ ਹੋਣ ਕਰਕੇ ਇਕ ਦੋ ਥਾਂ ਤੇ ਟੋਲ ਦਿੱਤੀ ਪਰ ਫੇਰ ਟੋਲ ਵਾਲੇ ਦੇ ਹੀ ਦੱਸਣ ਤੇ ਮੁੜ ਨਹੀਂ ਦੇਣੀ ਪਈ। ਅਸੀਂ ਟਰੱਕਾਂ ਦੀਆਂ ਫੁੱਲ ਬੱਤੀਆਂ ਨਾਲ ਜੂਝਦੇ ਸਫਰ ਕਰ ਰਹੇ ਸੀ। ਕੋਈ ਵੀ ਟਰੱਕ, ਬੱਸ ਜਾਂ ਵੱਡੀ ਕਾਰ ਵਾਲਾ 'ਲੋਅ ਬੀਮ' ਕਰਨਾ (ਡਿੱਪਰ ਮਾਰਨਾ) ਆਪਣੀ ਬੇਇੱਜ਼ਤੀ ਸਮਝਦਾ ਸੀ। ਸਭ ਤੋਂ ਵੱਡੀ ਗੱਲ, ਕਿਸੇ ਟਰੱਕ, ਟਰਾਲੇ, ਟਰਾਲੀ, ਰੇਹੜੇ ਜਾਂ ਟੈਂਪੂ ਦੇ ਪਿੱਛੇ ਜੱਗਦੀ ਬੱਤੀ (ਇੰਡੀਕੇਟਰ) ਤਾਂ ਛੱਡੋ ਰਿਫਲੈਕਟਰ ਵੀ ਨਹੀਂ ਲੱਗਾ ਹੋਇਆ ਸੀ।

ਇਹ ਮੌਤ ਦੇ ਫਰਿਸ਼ਤੇ ਸੜ੍ਹਕਾਂ ਤੇ ਸ਼ਿਕਾਰ ਕਰਦੇ ਫਿਰਦੇ ਹਨ। ਮਾਨਸੇ ਤੋਂ ਥੋੜ੍ਹਾ ਪਹਿਲੋਂ ਅਸੀਂ ਰੁਕ ਗਏ। ਇਕ ਪਾਸੇ ਕਪਾਹ ਜਾਂ ਨਰਮੇ ਦੇ ਖੇਤ ਸਨ ਤੇ ਇਕ ਪਾਸੇ ਸੂਰਜ ਉਗਮਣ ਰਿਹਾ ਸੀ। ਘਰ ਦੀ ਲਿਆਂਦੀ ਚਾਹ ਦਾ ਆਨੰਦ ਹੀ ਵੱਖਰਾ ਸੀ। ਸਰੀਰ ਵੀ ਤੇ ਅੱਖਾਂ ਵਿਚ ਹਨ੍ਹੇਰੇ ਦੀ ਡਰਾਈਵਿੰਗ ਤੋਂ ਬਾਅਦ ਅਰਾਮ ਮੰਗਦੀਆਂ ਸਨ। ਥੋੜ੍ਹਾ ਹੋਰ ਚਲ ਕਿ ਸਰਦੂਲਗੜ੍ਹ ਕਿਸੇ ਮਿੱਤਰ ਨੂੰ ਮੇਰੀ ਲਿਖੀ ਕਿਤਾਬ 'ਗੁਣਕਾਰੀ ਪੌਦੇ' ਦੀਆਂ ਕਾਪੀਆਂ ਭੇਂਟ ਕੀਤੀਆਂ।

ਅਗਲਾ ਪੜ੍ਹਾਅ ਸਿਰਸਾ ਸੀ। ਇਥੋਂ ਕਈ ਰਸਤੇ ਫੁੱਟਦੇ ਹਨ। ਹਾਈਵੇ 7 ਤੇ 65 ਵੀ ਇਥੋਂ ਹੀ ਨਿਕਲਦੇ ਹਨ। ਕਾਰ ਵਿਚ ਲਗਾ ਯਾਤਰਾ ਯੰਤਰ ਸਾਨੂੰ ਜੈਪੁਰ ਰਾਹੀਂ ਜਾਣ ਲਈ ਮਜਬੂਰ ਕਰ ਰਿਹਾ ਸੀ ਤੇ ਅਸੀਂ ਹਾਈਵੇ 7 ਤੇ ਜਾਣਾ ਚਾਹੁੰਦੇ



ਸਨ। ਮਸ਼ੀਨ ਤੇ ਮਨੁੱਖ ਦੀ ਇਸ ਲੜਾਈ ਵਿਚ ਅਸੀਂ ਟੁੱਟੀਆਂ ਤੇ ਕੱਚੀਆਂ ਸੜ੍ਹਕਾਂ ਦਾ ਸਫਰ ਕਰਨ ਲੱਗ ਪਏ। ਨਾ ਜੈਪੁਰ ਰੂਟ ਚੜ੍ਹੇ ਨਾ ਹਾਈਵੇ 7 ਫੜ੍ਹ ਹੋਈ। ਪਰ ਜੋ ਹੋਇਆ ਖ਼ੂਬਸੂਰਤ ਹੋਇਆ। ਨਿਰੋਲ ਪੇਂਡੂ ਇਲਾਕਾ, ਹਰਿਆਣਾ ਕਦੋਂ ਖਤਮ ਹੋਇਆ ਤੇ ਰਾਜਸਥਾਨ ਕਦੋਂ ਸ਼ੁਰੂ ਹੋਇਆ, ਪਤਾ ਹੀ ਨਾ ਲੱਗਾ। ਇਹਨਾਂ ਦੀ ਸਰਹੱਦ ਬਿਲਕੁਲ ਉਵੇਂ ਹੀ ਹੈ ਜਿਵੇਂ ਅਮਰੀਕਾ ਤੇ ਕਨੇਡਾ ਦੀ, ਸਰਹੱਦ, ਲੇਕ ਓਂਟਾਰੀਓ ਵਿਚ ਗੁਆਚ ਜਾਂਦੀ ਹੈ।ਸਾਡੇ ਕੈਮਰੇ ਕਮਾਲ ਕਰ ਰਹੇ ਸਨ।

ਕੈਮਰੇ ਭੁੱਖੇ ਸਨ। ਆਲਾ ਦੁਆਲਾ ਕੈਦ ਕਰਦੇ ਕਾਰ ਨੂੰ ਆਪਣੀ ਚਾਲੇ ਨਹੀਂ ਸਨ ਚੱਲਣ ਦੇ ਰਹੇ। ਊਠ ਦੇਖਦੇ, ਰੇਤੇ ਦੇ ਦਰਸ਼ਨ ਕਰਦੇ, ਰੰਗ ਬਿਰੰਗੇ ਵਸਤਰਾਂ ਦੇ ਫ਼ੋਟੋ ਲੈਂਦੇ ਅਸੀਂ ਆਖਰ ਕਈ ਘੰਟੇ ਬਾਅਦ ਹਾਈਵੇ 7 ਫੜ੍ਹ ਹੀ ਲਈ। ਇਥੇ ਸਰਦਾਰਗੜ੍ਹ, ਸੁਜਾਨਗੜ੍ਹ ਦੇ ਰਸਤੇ ਹੁੰਦੇ ਡੀਡਵਾ ਦੀ ਲੂਣ ਵਾਲੀ ਝੀਲ ਕੋਲੋਂ ਲੰਘਦੇ ਮਕਰਾਣੇ ਤੋਂ ਥੋੜ੍ਹਾ ਉਰ੍ਹੇ ਰੁੱਕ ਗਏ। ਰਾਤ ਹੋ ਚੁੱਕੀ ਸੀ। ਟਰੱਕਾਂ ਦੀਆਂ ਬੱਤੀਆਂ ਮੂਹਰੇ ਹੋਰ ਗੱਡੀ ਚਲਾਉਣ ਦੀ ਹਿੰਮਤ ਨਹੀਂ ਸੀ। 600 ਕਿਲੋਮੀਟਰ ਤੋਂ ਵੱਧ ਸਫ਼ਰ ਕਰ ਚੁੱਕੇ ਸਾਂ। ਇਥੇ ਸੜ੍ਹਕ ਤੇ ਹੀ ਸਾਨੂੰ ਇਕ ਸਾਫ਼ ਸੁਥਰਾ ਤੇ ਸਸਤਾ ਹੋਟਲ ਮਿਲ ਗਿਆ। ਰੋਟੀ ਪਾਣੀ ਛੱਕਣ ਤੋਂ ਬਾਅਦ ਰਾਤ ਅਰਾਮ ਨਾਲ ਕੱਟੀ। ਇਥੋਂ ਬਾਕੀ ਰਸਤਾ 80 ਕੁ ਕਿਲੋਮੀਟਰ ਹੀ ਸੀ।

ਫ਼ੈਸਲਾ ਇਹ ਹੋਇਆ ਕਿ ਮਕਰਾਣੇ ਦੀਆਂ ਸੰਗਮਰਮਰ ਦੀਆਂ ਖਾਣਾਂ ਵੇਖੀਆਂ ਜਾਣ। ਮਕਰਾਣਾ ਸੜਕ ਤੋਂ 8 ਕਿਲੋਮੀਟਰ ਪੱਛਮ ਵੱਲ ਹੈ। ਇਥੇ ਸਾਡੇ ਮਗਰ ਕਈ ਏਜੰਟ ਲੱਗ ਗਏ। ਪੰਜਾਬ ਦੀ ਗੱਡੀ ਹੋਵੇ, ਅੱਧਖੜ ਉਮਰ ਦੀਆਂ ਸੁਆਰੀਆਂ ਹੋਣ, ਉਹਨਾਂ ਅਨੁਸਾਰ ਅਸੀਂ ਪੱਕਾ ਸੰਗਮਰਮਰ ਹੀ ਲੈਣ ਆਏ ਹਾਂ। ਉਹਨਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਇਹ ਤਾਂ 'ਘੁਮੱਕੜ ਜਥਾ' ਹੈ। ਖ਼ੈਰ ਅਸੀਂ ਖਾਣਾਂ ਵੇਖੀਆਂ, ਕਿਵੇਂ ਪੱਥਰ ਕੱਢਿਆ ਜਾਂਦਾ ਹੈ? ਇਸ ਪੱਥਰ ਤੋਂ ਕੀ ਕੀ ਬਣਦਾ ਹੈ? ਇਹ ਜਾਣ ਕਿ ਹੈਰਾਨੀ ਹੋਈ ਕਿ ਟੁੱਥ ਪੇਸਟ, ਕੈਲਸ਼ੀਅਮ ਦੀਆਂ ਗੋਲੀਆਂ,



ਚਿਹਰੇ ਦਾ ਪਾਊਡਰ, ਮੁਰਗੀ ਦਾਣਾ ਤੇ ਵਿਟਰੀਫਾਇਡ ਟਾਇਲਾਂ, ਇਸ ਸੰਗਮਰਮਰ ਦੇ ਬੱਚੇ ਹੋਏ ਚੂਰ ਭੂਰ ਤੋਂ ਬਣਦੇ ਹਨ। ਪੱਥਰਾਂ ਦੀਆਂ ਕਿਸਮਾਂ ਹੈਰਾਨ ਕਰਨ ਵਾਲੀਆਂ ਸਨ। ਪੰਜਾਬ ਵਿਚ ਰੰਗਦਾਰ ਤੇ ਛੋਟਾ ਪੱਥਰ ਮਹਿੰਗਾ ਮਿਲਦਾ ਹੈ ਪਰ ਉਥੇ ਇਹ ਸਸਤੇ ਹਨ। ਰਾਹ ਵਿਚ ਲਗਾਉਣ ਵਾਲਾ ਪੱਥਰ ਤਾਂ 7–10 ਰੁਪਏ ਪਤੀ ਵਰਗ ਫੁੱਟ ਤੱਕ ਮਿਲ ਜਾਂਦਾ ਹੈ। ਅਸੀਂ ਲੈਣਾ ਤਾਂ ਕੁਝ ਨਹੀਂ ਸੀ, ਏਸ ਲਈ ਵੱਡੇ ਵੱਡੇ ਪੌਜੈਕਟ ਦੀਆਂ ਗੱਪਾਂ ਮਾਰ, ਉਹਨਾਂ ਕੋਲੋਂ ਚਾਹ ਪੀ ਕੇ ਪੁਸ਼ਕਰ ਦੇ ਪੇਂਡੂ ਰਾਹ ਬਾਰੇ ਜਾਣਕਾਰੀ ਲੈ ਕੇ ਅੱਗੇ ਤੁਰਦੇ ਬਣੇ।

ਖ਼ੂਬਸੂਰਤ ਪਿੰਡਾਂ ਵਿਚ ਦੀ ਹੁੰਦਾ ਹੋਇਆ ਇਹ ਰਾਹ ਪੁਸ਼ਕਰ ਤੋਂ ਤਕਰੀਬਨ 2 ਕਿਲੋਮੀਟਰ ਪੱਛਮ ਵੱਲ ਆ ਨਿਕਲਦਾ ਹੈ। ਇਥੇ ਅਸੀਂ ਗੁਜਰਾਤੀ ਖਾਣਾ ਖਾਧਾ। ਨਾਲ ਦੇਸੀ ਲੱਸੀ। ਫੇਰ ਚੱਲ ਪਏ ਮੇਲੇ ਵੱਲ ਨੂੰ, ਫਾਟਕ ਟੱਪਦੇ ਹੀ ਵਿਸ਼ਾਲ ਮੇਲੇ ਦੇ ਦਰਸ਼ਨ ਕਰਕੇ ਮਨ ਗੱਦ ਗੱਦ ਹੋ ਗਿਆ। ਭੀੜ ਭੜੱਕਾ, ਅਣਗਿਣਤ ਊਂਠ ਤੇ ਘੋੜੇ ਮਨ ਨੂੰ ਟੁੰਬਣ ਲੱਗੇ। ਪੁਸ਼ਕਰ ਮੇਲਾ ਅਗਿਆਤ ਸਮੇਂ ਤੋਂ ਚੱਲ ਰਿਹਾ ਹੈ। ਇਥੇ ਇਕ ਵੱਡੀ ਝੀਲ ਹੈ ਜਿਸਦਾ ਪਾਣੀ ਚੰਦ ਦੀ ਗੁਰੂਤਾ ਨਾਲ ਜਵਾਰ ਭਾਟੇ ਵਾਂਗ ਉੱਚਾ ਨੀਵਾਂ ਹੁੰਦਾ ਹੈ। ਕੱਤੇ ਦੀ ਪੁੰਨਿਆਂ ਨੂੰ ਇਹ ਮੇਲਾ ਪੂਰਾ ਭਰਦਾ ਹੈ। ਇਥੇ ਦੇ ਮੰਦਰ ਵਿਚ ਪੂਜਾ ਕਰਨੀ ਹੀ ਔਰਤਾਂ ਦਾ ਮੁੱਖ ਮੰਤਵ ਹੈ। ਲਾਗੇ ਹੀ ਇਕ ਗੁਰਦੁਆਰਾ ਸਾਹਿਬ ਹੈ, ਜੋ ਦਸਵੀਂ ਪਾਤਿਸ਼ਾਹੀ ਦਾ ਦੱਸਿਆ ਜਾਂਦਾ ਹੈ। ਪਰ ਇਹ ਤੱਥ ਅਸੀਂ ਪੂਰੀ ਤਰ੍ਹਾਂ ਲੱਭ ਨਹੀਂ ਸਕੇ। ਵੱਡਾ ਮੈਦਾਨ ਰੇਤੇ ਦਾ ਹੈ। ਇਥੇ ਦੂਰ ਦੂਰ ਤੋਂ ਵਪਾਰੀ ਘੋੜੇ, ਘੋੜੀਆਂ ਤੇ ਊਠ ਵੇਚਣ ਖਰੀਦਣ ਆਉਂਦੇ ਹਨ। ਘੋੜੀਆਂ ਦੇ ਬਹੁਤੇ ਵਪਾਰੀ ਪੰਜਾਬ ਦੇ ਮਾਲਵੇ ਦੇ ਹਨ। 63 ਇੰਚ ਤੋਂ ਉੱਚੀ ਘੋੜੀ ਦਾ ਚੰਗਾ ਮੁੱਲ ਪੈਂਦਾ ਹੈ।ਇਥੇ ਇਕ ਨੁੱਕਰੇ ਘੋੜੇ ਵਾਲਾ 9 ਲੱਖ ਮੰਗ ਰਿਹਾ ਸੀ। ਘੋੜਿਆਂ ਦੀ ਛੱਅਾ ਛੁਆਈ ਲਈ ਬੜੇ ਖ਼ੂਬਸੂਰਤ ਰੇਹੜੇ ਬਣੇ ਹੋਏ ਹਨ। ਇਸੇ ਤਰ੍ਹਾਂ ਹੀ ਸ਼ਿੰਗਾਰੇ ਹੋਏ ਊਠ ਸਨ। ਤਕਰੀਬਨ ਹਰ ਊਂਠ ਦੇ ਪੁੜੇ ਤੇ ਕੋਈ ਨਾ ਕੋਈ ਨਿਸ਼ਾਨੀ ਕਾਲੇ ਰੰਗ ਵਿਚ ਲਗਾਈ ਹੁੰਦੀ ਹੈ। ਕਾਲੇ ਊਂਠ ਬੜੇ ਘੱਟ ਸਨ। ਮੇਲੇ ਵਿਚ ਇਹਨਾਂ ਜਾਨਵਰਾਂ ਨਾਲ ਸਬੰਧਿਤ ਤੇ ਹੱਥੀਂ ਖੇਤੀ ਨਾਲ ਸਬੰਧਿਤ ਹਰ ਔਜ਼ਾਰ ਤੇ ਸ਼ਿੰਗਾਰ ਵਿੱਕਦਾ ਸੀ।

ਕਈ ਮੀਲ ਪੈਦਲ ਤੁਰਦੇ ਥਕਾਵਟ ਮਹਿਸੂਸ ਨਹੀਂ ਸੀ ਹੁੰਦੀ। ਲਗਦਾ ਸੀ ਸਾਡੇ ਪੈਰ ਵੀ ਊਠਾਂ ਵਰਗੇ ਹੋ ਗਏ ਹਨ, ਕਿਉਂਕਿ ਇਥੇ ਵਿਦੇਸ਼ੀ ਸੈਲਾਨੀ ਵੀ ਵੱਡੀ ਗਿਣਤੀ ਵਿਚ ਪਹੁੰਚਦੇ ਹਨ, ਇਸ ਲਈ ਮੰਗਤਿਆਂ ਤੇ ਨਚਾਰਾਂ ਦੀ ਗਿਣਤੀ ਵੀ ਵੱਧ ਸੀ। ਇਹ ਮੰਗਤੇ ਵੀ ਰਾਜਸਥਾਨੀ ਨਹੀਂ ਸਨ ਲੱਗਦੇ। ਸਿਰਫ ਕੁੱਝ ਕੁ



ਹੀ ਰਾਜਸਥਨੀ ਕਲਾਕਾਰ ਮਿਲੇ ਜੋ ਹੱਥੀਂ ਬਣਾਏ ਸਾਜ਼ ਵਜਾਉਂਦੇ ਸਨ। ਉਹਨਾਂ ਦਾ ਉਪਜਿਆ ਸੰਗੀਤ ਸਾਡੇ ਵਰਗਿਆਂ ਨੂੰ ਵੀ ਅਨੰਦਿਤ ਕਰਦਾ ਸੀ। ਕਿਸੇ ਵੀ ਮੇਲੇ ਵਾਂਗ ਵੱਡੇ ਵੱਡੇ ਚੰਡੋਲ ਸਨ।ਸਟੇਡੀਅਮ ਵਿਚ ਸਰਕਾਰੀ ਸਮਾਗਮ ਸਨ। ਸਭ ਤੋਂ ਵੱਡੀ ਗੱਲ ਜਿਥੇ ਵੀ ਰੁੱਕ ਜਾਓ, ਖਾਣਾ ਬੜਾ ਸਾਫ ਤੇ ਸੁਆਦੀ ਸੀ। ਸਸਤਾ ਵੀ ਸੀ ਖਾਸ ਕਰਕੇ ਥਾਲੀ ਸਿਸਟਮ। ਪੁਸ਼ਕਰ ਦੇ ਮੇਲੇ ਵਿਚਲੇ ਟਿੱਬੇ ਮੇਲੇ ਨੂੰ ਦੂਰ ਤੱਕ ਮਾਨਣ ਦਾ ਮੌਕਾ ਦਿੰਦੇ ਸਨ। ਘੋੜੀਆਂ ਵਾਂਗ ਪਹਿਲੀ ਵਾਰ ਊਠਣੀ ਦਾ ਨਾਚ ਵੇਖਿਆ।ਇਥੇ ਇਕ ਗੱਲ ਵਰਣਯੋਗ ਹੈ ਕਿ, ਪਹਿਲੇ ਦਿਨ ਮੈਂ **8** ਗਜ਼ ਦੀ ਪਗੜੀ ਖਰੀਦੀ ਸੀ, ਉਹਨੂੰ ਪੇਂਡੂੰ ਪੰਜਾਬੀ ਤਰੀਕੇ ਨਾਲ ਬੰਨ੍ਹ ਲਿਆ। ਇਕ ਅੰਦਾਜ਼ੇ ਮੁਤਾਬਿਕ ਘੱਟੋ ਘੱਟ **100** ਸੈਲਾਨੀਆਂ ਨੇ ਮੇਰੀਆਂ ਹੀ ਫੋਟੋਆਂ ਖਿੱਚ ਲਈਆਂ ਹੋਣੀਆਂ। ਮੇਲੇ ਦੇ ਸਾਰੇ ਰੰਗ ਬਿਆਨ ਕਰਨ ਲਈ ਕਾਫੀ ਲੰਬੀ ਇਬਾਰਤ ਲਿਖਣੀ ਪੈਣੀ ਹੈ।

ਪੁਸ਼ਕਰ ਦੇ ਨਾਲ ਹੀ ਅਜਮੇਰ ਸ਼ਹਿਰ ਵਸਿਆ ਹੋਇਆ ਹੈ। ਇਥੇ ਨੂੰ ਰਾਹ ਇਕ ਉੱਚੀ ਪਹਾੜੀ ਰਾਹੀਂ ਜਾਂਦਾ ਹੈ। ਇਕ ਵੱਡੀ ਝੀਲ ਪਹਾੜ ਤੋਂ ਕਸ਼ਮੀਰ ਵਰਗਾ ਨਜ਼ਾਰਾ ਦੇਂਦੀ ਹੈ। ਇਥੋਂ ਪੱਥਰਾਂ ਦੀ ਵੱਡੀ ਮੰਡੀ ਕਿਸ਼ਨਗੜ੍ਹ ਨੂੰ ਵੀ ਰਾਹ ਜਾਂਦਾ ਹੈ। ਇਸੇ ਰਸਤੇ ਹੀ ਅਸੀਂ ਸੀਕਰ ਸ਼ਹਿਰ ਪਹੁੰਚੇ। ਇਥੇ ਰਾਤ ਨੂੰ **13** ਡਿਗਰੀ ਤਾਮਪਾਨ ਸੀ। ਸ਼ਾਇਦ ਮੈਨੂੰ ਠੰਡ ਵੀ ਲੱਗ ਗਈ ਸੀ। ਇਥੋਂ ਲੁਧਿਆਣਾ **500** ਕਿਲੋਮੀਟਰ ਦੂਰ ਹੈ। ਪੂਰਾ ਦਿਨ ਲੱਗ ਗਿਆ। ਇਸ ਟੂਰ ਦੀਆਂ ਕੁਝ ਗੱਲਾਂ ਯਾਦ ਰੱਖਣਯੋਗ ਹਨ ਜਿਵੇਂ ਹਰਜੀਤ ਗਿੱਲ ਦੀਆਂ ਸਿਆਣਪਾਂ, ਲੋਲੋ ਪੋਲੋ ਦੇ ਚੁੱਟਕਲੇ, ਸਾਰੇ ਰਾਜਸਥਾਨ ਵਿਚ ਬਣਦੀ ਵਧੀਆ ਚਾਹ, ਤੇ ਖਾਸ ਗੱਲ ਕਿ ਢਾਬਿਆਂ ਤੇ ਸਾਰਾ ਖਾਣਾ ਤੁਹਾਡੇ ਸਾਹਮਣੇ ਹਮੇਸ਼ਾ ਤਾਜ਼ਾ ਬਣਦਾ ਹੈ। ਪਹਿਲੋਂ ਭਰੇ ਭਰਾਏ ਪਤੀਲੇ ਸ਼ਾਇਦ ਹੀ ਹੋਣ। ਕੁੱਲ ਮਿਲਾ ਕਿ ਜਿੰਨੇ ਕੁ ਪੈਸੇ ਅਸੀਂ ਖਰਚੇ ਉਹ ਅਨੰਦ ਦੇ ਰੂਪ ਵਿਚ ਮੁਨਾਫਾ ਦੇ ਗਏ। ਹਾਂ ਇਹ ਜ਼ਰੂਰ ਹੈ ਕਿ ਘਰ ਆਕੇ ਦੋ ਦਿਨ ਮੰਜੇ ਨਾਲ ਯਾਰੀ ਲਾਈ ਰੱਖੀ ਅੱਖਾਂ ਮੀਟ ਕੇ।

# ਘਟਨਾਸਾਰ—ਬਰਗਰ ਵਾਲੀ ਬਸ

ਸਫ਼ਰ ਬਹੁਤ ਲੰਮਾ ਸੀ। ਮੈਨੂੰ ਕੁਝ ਦੋਸਤ ਵੈਨਕੂਵਰ ਦੇ ਨੇੜੇ ਅਮਰੀਕਾ ਦੇ ਬਾਰਡਰੀ ਸ਼ਹਿਰ ਬਲੇਨ ਤੋਂ ਬਸੇ ਬੈਠਾ ਗਏ ਸਨ। ਮੇਰੇ ਕੋਲ 428 ਡਾਲਰ ਦੀ ਟਿੱਕਟ ਸੀ ਜਿਸ ਨਾਲ ਮੈਂ ਪੂਰੇ ਅਮਰੀਕਾ ਵਿਚ ਕਿਤੇ ਵੀ ਗਰੇਹਾਉਂਡ ਦੀ ਬਸ ਤੇ ਮਹੀਨੇ ਲਈ ਆ ਜਾ ਸਕਦਾ ਸੀ। ਹੁਣ ਇਹ ਟਿੱਕਟ ਆਖ਼ਰੀ ਸਾਹਾਂ ਤੇ ਪਹੁੰਚ ਗਈ, ਮੇਰਾ ਸਫ਼ਰ ਲਾਸਏਂਜਲਸ ਤੋਂ ਨਿਊਯਾਰਕ ਦਾ ਬਾਕੀ ਸੀ। ਇਹ ਤਿੰਨ ਦਿਨ ਦਾ ਲਗਾਤਾਰ ਸਫਰ ਹੈ ਪਰ ਮੈਂ ਇਸਨੂੰ 8 ਦਿਨਾਂ ਵਿਚ ਕਰਨਾ ਸੀ। ਰਾਹ ਵਿਚ ਰੁਕਣਾ ਸੀ ਕਈ ਜਗ੍ਹਾ।

ਸਫ਼ਰ ਤੇ ਤੁਰਨ ਲੱਗੇ ਮੈਂ ਆਪਣੇ ਨਲ ਖਾਣ—ਪੀਣ ਦਾ ਸਮਾਨ ਜਿਵੇਂ ਸੈਂਡਵਿਚ, ਸੋਡਾ, ਜੂਸ ਤੇ ਬਿਸਕੁਟ ਆਦਿ ਲੈ ਕਿ ਤੁਰਦਾ ਸੀ। ਰਾਹ ਵਿਚ ਜਿੱਥੇ ਬੱਸਾਂ ਰੁਕਦੀਆਂ ਹਨ ਉੱਥੇ ਇਹ ਖਾਣ—ਪੀਣ ਦਾ ਸਮਾਨ ਬੜਾ ਮਹਿੰਗਾ ਮਿਲਦਾ ਹੈ। ਉੱਥੇ ਵੀ ਪੰਜਾਬ ਵਾਂਗ ਡਰਾਵਿਰਾਂ ਨੂੰ ਮੁਫ਼ਤ ਖਾਣਾ ਮਿਲਦਾ ਹੈ ਤੇ ਸਵਾਰੀਆਂ ਤੋਂ ਵੱਧ ਰੇਟ ਲਿਆ ਜਾਂਦਾ ਹੈ। ਬਸ ਵਿਚ ਕੰਡਕਟਰ ਕੋਈ ਨਹੀਂ ਹੁੰਦਾ ਤੇ ਬਸ ਦਾ ਵੀ ਇੱਕੋ ਦਰਵਾਜਾ ਹੁੰਦਾ ਹੈ। ਸਾਰੇ ਕੰਟਰੋਲ ਡਰਾਇਵਰ ਕੋਲ ਹੁੰਦੇ ਹਨ। ਡਰਾਇਵਰ ਹੀ ਪਹਿਲੋਂ ਟਿੱਕਟ ਚੈੱਕ ਕਰਦਾ ਹੈ। ਰਿਜ਼ਰਵ ਕਲਾਸ (ਜਿਸਦੇ 2 ਡਾਲਰ ਫਾਲਤੂ ਲੱਗਦੇ ਹਨ) ਵਿਚ ਪਹਿਲੋਂ, ਬੱਚੇ ਤੇ ਬਜ਼ੁਰਗ, ਫਿਰ ਬਾਕੀ ਜਨਤਾ ਜਨਾਰਧਨ। ਇਹ ਡਰਾਇਵਰ ਦੀ ਹੀ ਡਿਊਟੀ ਦਾ ਹਿੱਸਾ ਹੈ ਕਿ ਬਸ ਦੇ ਸੰਦੂਕ ਵਿਚ ਸਵਾਰੀ ਦਾ ਸਮਾਨ ਰੱਖੇ ਤੇ ਕੱਢ ਕਿ ਦੇਵੇ।

ਬਸ ਸਟਾਰਟ ਕਰਨ ਤੋਂ ਪਹਿਲੋਂ ਉਹ ਸਵਾਰੀਆਂ ਗਿਣਦਾ ਹੈ ਤੇ ਟਿੱਕਟਾਂ ਦੀ ਗਿਣਤੀ ਵੀ। ਫੇਰ ਲੋੜ ਅਨੁਸਾਰ ਏਸੀ ਜਾਂ ਹੀਟ ਚਲਾਉਂਦਾ ਹੈ ਤੇ ਵਾਰਨਿੰਗ ਦੇਂਦਾ ਹੈ ਕਿ ਬਸ ਵਿਚ ਨਸ਼ੇ ਕਰਨੇ ਤੇ ਸਿਗਰਟ ਪੀਣੀ ਮਨ੍ਹਾਂ ਹੈ। ਬਸ ਵਿਚ ਪਿੱਛੇ ਬਣੇ ਟਾਇਲਟ ਵਿਚ ਸਿਗਰਟ ਦਾ ਧੂੰਆਂ ਚੈੱਕ ਕਰਨ ਵਾਲੇ ਯੰਤਰ ਬਾਰੇ ਦੱਸਦਾ ਹੈ ਤੇ ਫੇਰ ਕਹਿੰਦਾ ਹੈ ਕਿ ਉੱਚੀ ਨਹੀਂ ਬੋਲਣਾ, ਲੜਾਈ ਝਗੜਾ ਨਹੀਂ ਕਰਨਾ, ਨਹੀਂ ’ਤੇ ਇਹ ਬਸ ਸਿੱਧੀ ਥਾਣੇ ਜਾਕੇ ਰੁਕੇਗੀ।

ਜਿਉਂ ਹੀ ਬਸ ਟੈਕਸਾਸ ਦੇ ਸ਼ਹਿਰ ਡਾਲਿਸ ਪਹੁੰਚੀ ’ਤੇ ਰੁਕਣ ਦੀ

ਤਿਆਰੀ ਕਰਨ ਲੱਗੀ, ਮੇਰੀ ਨਜ਼ਰ ਆਲੇ-ਦੁਆਲੇ ਘੁੰਮਣ ਲੱਗੀ। ਮੇਰਾ ਖਾਣ-ਪੀਣ ਦਾ ਸਟਾਕ ਖ਼ਤਮ ਹੋ ਚੁੱਕਿਆ ਸੀ ਤੇ ਭੁੱਖ ਵੀ ਲੱਗੀ ਹੋਈ ਸੀ। ਜਿੱਥੇ ਬੱਸ ਰੁੱਕੀ, ਉਸਦੇ ਬਿਲਕੁਲ ਉਲਟ ਪਾਸੇ ਟੈਕਸਸ ਬਰਗਰ ਦਾ ਬੋਰਡ ਦਿਖਿਆ। ਮੈਂ ਨਿਰਧਾਰਤ ਸਟਾਪ ਛੱਡ ਕਿ ਉਸ ਦੁਕਾਨ ਤੇ ਚਲਾ ਗਿਆ ਤੇ ਇੱਕ ਵੱਡਾ ਬਰਗਰ ਆਰਡਰ ਕਰ ਦਿੱਤਾ। ਬਰਗਰ ਬੜਾ ਹੀ ਸੁਆਦੀ ਲੱਗ ਰਿਹਾ ਸੀ। ਵਾਪਸ ਸਟਾਪ ਤੇ ਆਕੇ ਕੌਫ਼ੀ ਲੈਕੇ ਜਿਉਂ ਹੀ ਕਾਉਂਟਰ ਤੇ ਖੜ੍ਹੀ ਕੁੜੀ ਨੂੰ ਪੈਸੇ ਦਿੱਤੇ ਤਾਂ ਉਸ ਨੇ ਮੈਨੂੰ ਪੁੱਛਿਆ, ਕਿ ‘ਕੀ ਤੂੰ ਬਸ ਵਿਚ ਆਇਆ ਹੈਂ?’ ਮੇਰੇ ਹਾਂ ਕਹਿਣ ’ਤੇ ਉਹ ਬੋਲੀ, ‘ਉਹ ਤਾਂ ਚਲੇ ਵੀ ਗਈ।’ ਮੇਰੇ ਤੇ ਜਿਵੇਂ ਇਕ ਪਹਾੜ ਟੁੱਟ ਪਿਆ ਹੋਵੇ, ਲੰਮੇਂ ਸਫਰ ਕਰਕੇ ਮੇਰੇ ਚਪਲਾਂ ਪਾਈਆਂ ਸਨ। ਸਿਰ ਤੋਂ ਪੱਗ ਵੀ ਲਾਹ ਕੇ ਬੱਸ ਵਿਚ ਰੱਖੀ ਹੋਈ ਸੀ। ਮੈਂ ਇਕ ਹੱਥ ਵਿਚ ਕਾਫ਼ੀ ’ਤੇ ਇੱਕ ਹੱਥ ਵਿਚ ਬਰਗਰ ਫੜ੍ਹਿਆ ਉਵੇਂ ਹੀ ਦੁਕਾਨ ਤੋਂ ਬਾਹਰ ਆ ਗਿਆ। ਬਸ ਜਾ ਚੁੱਕੀ ਸੀ। ਕਿਸੇ ਕਿਹਾ ਕਿ ਉਹ ਲਾਲ ਬੱਤੀ ’ਤੇ ਖੜ੍ਹੀ ਹੈ ਬਸ, ਫੜ੍ਹ ਲੈ ਦੌੜ ਕੇ ਜੇ ਫੜ ਹੁੰਦੀ। ਉਦੋਂ ਮੇਰਾ ਵਜ਼ਨ ਹੁਣ ਨਾਲੋਂ ਘੱਟ ਸੀ। ਮੈਂ ਦੋਨੋਂ ਹੱਥਾਂ ਵਿਚ ਸਮਾਨ ਫੜੀ ਭਜ ਪਿਆ। ਕੋਈ ਡੇਢ ਫਰਲਾਂਗ ਤੇ ਬਸ ਖੜ੍ਹੀ ਸੀ। ਜਦ ਮੈਂ ਕੋਲ ਪਹੁੰਚਿਆਂ ਤਾਂ ਬਸ ਦਾ ਡਰਾਇਵਰ ਬਾਹਰ ਖੜ੍ਹਾ ਸੀ ਤੇ ‘ਸੌਰੀ ਸਰ’, ‘ਸੌਰੀ ਸਰ’ ਕਰੀ ਜਾ ਰਿਹਾ ਸੀ। ਉਸਨੇ ਕਬੂਲਿਆ ਕਿ ਉਹ ਸਵਾਰੀਆਂ ਦੀ ਗਿਣਤੀ ਕਰਨਾ ਭੁੱਲ ਗਿਆ ਸੀ, ਖੈਰ ਕਿਸੇ ਹੋਰ ਸਵਾਰੀ ਵਲੋਂ ਦੱਸੇ ਜਾਣ ’ਤੇ ਬਸ ਰੋਕ ਲਈ। ਮੇਰੇ ਸਾਹ ਵਿਚ ਸਾਹ ਆਇਆ। ਮੈਂ ਡਰਾਇਵਰ ਤੇ ਸਵਾਰੀਆਂ ਦਾ ਧੰਨਵਾਦ ਕੀਤਾ ਤੇ ਸੋਚ ਰਿਹਾ ਸੀ ਜੇਕਰ ਇਹੋ ਘਟਨਾ ਪੰਜਾਬ ’ਚ ਵਾਪਰੀ ਹੁੰਦੀ ਤਾਂ ਡਰਾਇਵਰ ਤੇ ਕੰਡਕਟਰ ਤੋਂ ਗਾਹਲਾਂ ਤਾਂ ਖਾਣੀਆਂ ਹੀ ਸਨ, ਸਵਾਰੀਆਂ ਨੇ ਵੀ ਬੁੜ-ਬੁੜ ਕਰਨੋਂ ਨਹੀਂ ਸੀ ਹੱਟਣਾ, ਉਹ ਵੀ ਤਾਂ ਜੇਕਰ ਬਸ ਰੋਕ ਲੈਂਦੇ।

ਖੈਰ ਹੁਣ ਦੌੜਦੀ ਬਸ ਵਿਚ ਗਰਮ ਕਾਫ਼ੀ ’ਤੇ ਵੱਡੇ ਸਾਰੇ ਟੈਕਸਸ ਬਰਗਰ ਦਾ ਸਵਾਦ ਅਨੂਠਾ ਲੱਗ ਰਿਹਾ ਸੀ। ਅਜ ਕਈ ਦਹਾਕੇ ਹੋ ਗਏ ਹਨ, ਇਸ ਘਟਨਾ ਨੂੰ, ਹੁਣ ਸਫ਼ਰ ਕਰਦੇ ਹਰ ਵਾਰੀ ਧਿਆਨ ਰੱਖੀਦਾ ਕਿਉਂਕਿ ਆਪਣੀ ਵਧਦੀ ਉਮਰ ਤੇ ਵੱਧਦੇ ਸਰੀਰ ਨੂੰ ਲੈਕੇ ਨੱਠ ਨਹੀਂ ਹੋਣਾ।

(ਬਾਕੀ ਫੇਰ ਕਦੇ)